ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਸਤਿਗੁਰੂ ਰਾਮ ਸਿੰਘ ਮਿਨੀਏਚਰ ਪਾਰਕ
# ਕੂਕਾ-ਸੰਗਰਾਮ





## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਹਰੀ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




# ਪਹਿਲਾ ਅਜ਼ਾਦੀ ਸੰਗਰਾਮ
# “ਕੂਕਾ ਅੰਦੋਲਨ” ਦੀ ਅਮਰ-ਗਾਥਾ

ਸਤਿਗੁਰੂ ਰਾਮ ਸਿੰਘ ਮਿਨਿਏਚਰ ਪਾਰਕ
ਕੂਕਾ-ਸੰਗਰਾਮ

**Satguru Ram Singh Miniature Park**
## Kuka-Sangram

## ਪਹਿਲਾ ਐਡੀਸ਼ਨ (2011)

ਅੱਸੂ ਦਾ ਮੇਲਾ 2068 ਬਿ:
ਅਕਤੂਬਰ 2011

ਪ੍ਰਕਾਸ਼ਕ:
© ਵਿਸ਼ਵ ਨਾਮਧਾਰੀ ਸੰਗਤ (ਰਜਿ:)
ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ
ਵੈਬਸਾਈਟ : www.sribhainisahib.com



ਮਈ 2009 ਡੇਰਾ ਸਰਹੰਦ ਨਹਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਚਰਨਾਂ ਵਿੱਚ ਮਿਨੀਏਚਰ ਪਾਰਕ ਬਣਾਉਣ ਲਈ ਅਰਜ਼ ਕਰਦੇ ਹੋਏ
- ਸ੍ਰੀ ਉਦੇ ਸਿੰਘ ਜੀ ਅਤੇ ਸੰਤ ਜਗਤਾਰ ਸਿੰਘ ਜੀ



ਅੱਸੂ ਦਾ ਮੇਲਾ 2068 ਬਿ: ਸ੍ਰੀ ਭੈਣੀ ਸਾਹਿਬ,
ਮਿਨੀਏਚਰ ਪਾਰਕ ਵਿੱਚ ਸ੍ਰੀ ਮਾਤਾ ਚੰਦ ਕੌਰ ਜੀ



# ਸਤਿਗੁਰੂ ਰਾਮ ਸਿੰਘ ਮਿਨੀਏਚਰ ਪਾਰਕ

ਇਸ ਪਾਰਕ ਵਿਚ ਤੁਸੀਂ ਆਧੁਨਿਕ ਢੰਗ ਨਾਲ ਤਿਆਰ ਕੀਤੀਆਂ ਲਘੂ ਕਲਾ ਕ੍ਰਿਤੀਆਂ ਦੁਆਰਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਚੱਲਣ ਵਾਲੇ, ਕੌਮੀ ਮੁਕਤੀ ਅੰਦੋਲਨ ਦੇ ਪੰਜਾਬ ਅਧਿਆਇ ਦੇ ਦਰਸ਼ਨ ਕਰੋਗੇ। ਨਾਮਧਾਰੀ ਸ਼ਹੀਦੀ ਸਾਕਿਆਂ, ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਸਾਕੇ ਅਤੇ ਬੰਦੀ ਜੀਵਨ ਵਿਚ ਸਤਿਗੁਰੂ ਜੀ ਅਤੇ ਪਰਮੁੱਖ ਸੂਬਿਆਂ ਨੂੰ ਜਿੱਥੇ-੨ ਨਜ਼ਰਬੰਦੀ ਦੀ ਹਾਲਤ ਵਿਚ ਰੱਖਿਆ ਗਿਆ, ਉਹਨਾਂ ਸਥਾਨਾਂ ਨੂੰ ਦਰਸ਼ਕ ਸਾਹਵੇਂ ਨਿਹਾਰ ਕੇ ਆਪਣੇ ਜਾਂ-ਬਾਜ ਪੁਰਖਿਆਂ ਦੇ ਕਾਰਨਾਮਿਆਂ ਤੇ ਮਾਣ ਮਹਿਸੂਸ ਕਰਨਗੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ, ਸ੍ਰੀ ਭੈਣੀ ਸਾਹਿਬ ਦੀ ਪੁਰਾਤਨ ਦਿੱਖ ਬਹਾਲ ਰੱਖਦਿਆਂ, ਇਤਿਹਾਸਿਕ ਸਥਾਨਾਂ ਦਾ ਪੁਨਰ ਨਿਰਮਾਣ ਇਕ ਕ੍ਰਿਸ਼ਮਾ ਹੀ ਤਾਂ ਹੈ। ਹੁਣ ਇਸ ਮਿਨਿਏਚਰ ਪਾਰਕ ਵਿਚ ਇਤਿਹਾਸਕਤਾ ਦੇ ਤੰਤ ਜੋੜ ਕੇ, ਆਪਣੇ ਵਿਰਸੇ ਦੀ ਅਮੀਰੀ ਨੂੰ ਪਰਦਰਸ਼ਿਤ ਕੀਤਾ ਗਿਆ ਹੈ।

ਨਾਮਧਾਰੀ ਜਾਂ ਕੂਕਾ ਅੰਦੋਲਨ ਦੇ ਜਨਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ ਜਿਹਨਾਂ ਨੇ ੩ ਫਰਵਰੀ ੧੮੧੬ਈ: ਨੂੰ ਪਿੰਡ ਰਾਈਆਂ (ਲੁਧਿਆਣਾ) ਵਿਖੇ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਜੀ ਦੇ ਘਰ ਅਵਤਾਰ ਧਾਰਿਆ। ਗੱਭਰੂ ਹੋ ਕੇ, ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿਚ ਭਰਤੀ ਹੋਏ। ਲਹੌਰ ਤੋਂ ਪੇਸ਼ਾਵਰ ਜਾਂਦਿਆਂ, ੧੮੪੧ਈ: ਵਿਚ, ਹਜ਼ਰੋਂ ਸਾਹਿਬ (ਜਿਲ੍ਹਾ ਅਟਕ-ਪਾਕਿਸਤਾਨ) ਵਿਖੇ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ ਹੋਇਆ। ਜਿਨ੍ਹਾਂ ਨੇ ਆਪ ਜੀ ਨੂੰ ਨਾਮ ਦੀ ਦਾਤ ਦੇ ਕੇ ਕਿਹਾ, 'ਠਾਕਰੋ,! ਇਹ ਵਸਤ ਆਪ ਦੀ ਹੀ ਸੀ, ਜੋ ਅਸਾਂ ਦਸਵੇਂ ਪਾਤਸ਼ਾਹ ਦੇ ਹੁਕਮ ਨਾਲ ਸਾਂਭੀ ਸੀ। ਹੁਣ ਆਪ ਸੰਭਾਲੋ ਅਤੇ ਪੰਜਾਬ ਵਿਚੋਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਰੁੜ੍ਹਦੀ ਜਾ ਰਹੀ ਸਿੱਖੀ ਨੂੰ ਬਚਾਉਣ ਦਾ ਕੋਈ ਬਾਨਣੂ ਬੰਨੋ। ਫਰੰਗੀਆਂ ਦੀ ਗਿੱਧ ਦ੍ਰਿਸ਼ਟੀ, ਇਸ ਸਮੇਂ ਖਾਨਾ ਜੰਗੀ ਦੇ ਸ਼ਿਕਾਰ, ਲਹੌਰ ਦਰਬਾਰ ਤੇ ਲੱਗੀ ਹੋਈ ਹੈ। ਸੋ ਹੁਣ ਫੌਜ ਦੀ ਨੌਕਰੀ ਛੱਡੋ ਅਤੇ ਗੁਰੂ ਕੀ ਕਾਰ ਵਿਚ ਲੋਹ ਲੰਗਰ ਚਲਾਓ:-

"ਅਬ ਭੈਣੀ ਸਾਹਿਬ ਕੋ ਜਾਵੋ, ਛੋਡ ਨੌਕਰੀ ਦੇਗ ਚਲਾਵੋ"

-ਡਾ: ਧਿਆਨ ਸਿੰਘ ਸ਼ਾਦਰਾਬਾਦੀ

ਸਤਿਗੁਰੂ ਰਾਮ ਸਿੰਘ ਜੀ ਨੇ ਕਿਸਾਨੀ, ਰਾਜਗਿਰੀ, ਲੋਹਾਰਾ, ਤਰਖਾਣਾ, ਸਿਪਾਹੀਗਿਰੀ ਅਤੇ ਦੁਕਾਨਦਾਰੀ ਆਦਿ ਕਿੱਤਿਆਂ ਤੇ ਗਾਹੇ ਬਗਾਹੇ ਹੱਥ ਅਜ਼ਮਾਈ ਕਰਨ ਬਾਅਦ, ਪੰਜਾਬੀ ਜਨ-ਜੀਵਨ ਤੇ ਪੈਂਦੇ, ਗੋਰਾਸ਼ਾਹੀ ਦੇ ਮਾਰੂ ਪ੍ਰਭਾਵ ਦਾ ਟਾਕਰਾ ਕਰਨ ਲਈ, ਸਿੱਖ ਜੀਵਨ ਮੁੱਲਾਂ ਦੀ ਪੁਨਰ ਸਥਾਪਨਾ ਲਈ, ਅੰਗ੍ਰੇਜ਼ ਪ੍ਰਸਤ ਮਲੇਛ ਖਾਲਸੇ ਦੇ ਮੁਕਾਬਲੇ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ, ਵੈਸਾਖੀ ਦੇ ਦਿਨ ੧੨ ਅਪ੍ਰੈਲ ੧੮੫੭ਈ: ਨੂੰ, ਪੰਜ ਸਿੰਘਾਂ ਨੂੰ ਖੰਡੇ ਬਾਟੇ ਦਾ

ਅੰਮ੍ਰਿਤ ਛਕਾ ਕੇ ਕੀਤੀ। ਇਸੇ ਸਮੇਂ ਵਿਸ਼ਵ ਸ਼ਾਂਤੀ ਅਤੇ ਕੌਮੀ ਮੁਕਤੀ ਦਾ ਪ੍ਰਤੀਕ, ਸਫੈਦ ਤਿਕੋਣਾ ਝੰਡਾ ਵੀ ਸ੍ਰੀ ਭੈਣੀ ਸਾਹਿਬ ਵਿਖੇ ਲਹਿਰਾ ਕੇ ਬਹੁਮੁਖੀ ਆਜ਼ਾਦੀ ਸੰਗ੍ਰਾਮ ਅਰੰਭਿਆ।

ਆਪਣੇ ਸੰਤ ਖਾਲਸੇ ਨੂੰ ਨਾਮ-ਬਾਣੀ, ਸਾਦਾ ਰਹਿਣੀ ਬਹਿਣੀ ਦੀ ਜੀਵਨ ਜੁਗਤ ਦੱਸਕੇ, ਮਾਸ-ਸ਼ਰਾਬ, ਨਸ਼ਿਆਂ ਅਤੇ ਵਿਸ਼ੇ-ਵਿਕਾਰਾਂ ਤੋਂ ਮੁਕਤ ਕਰਵਾਕੇ, ਸਤਿਜੁਗੀ ਮਾਰਗ ਤੇ ਤੋਰ ਦਿੱਤਾ। ਇਸ ਪਰਿਵਰਤਨ ਨੂੰ ਹੀ ਗਿਆਨੀ ਗਿਆਨ ਸਿੰਘ ਜੀ ਇਉਂ ਬਿਆਨ ਕਰਦੇ ਹਨ-

ਪਾਇ ਏਹੁ ਹੁਕਮ ਪਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਉਂ ਕੇ,
ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ।
ਫੈਲਿਉ ਜੱਸ ਭਾਰੀ ਸਿਖ ਥੀਏ ਤਾਹਿ ਕੇ ਅਪਾਰੀ,
ਸਿਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆਗਿਓ॥

ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਪੁਨਰ ਜਾਗਰਣ ਅਤੇ ਵਿਦੇਸ਼ੀ ਹਾਕਮਾਂ ਵਿਰੁੱਧ ਕੌਮੀ ਮੁਕਤੀ ਅੰਦੋਲਨ, ਇੱਕੋ ਸਮੇਂ ਹੀ ਸ਼ੁਰੂ ਕਰ ਦਿੱਤੇ। ਉਹਨਾਂ ਨੇ ਸਭ ਤੋਂ ਪਹਿਲਾਂ ਵੱਡਾ ਕਾਰਜ, ਪੰਜਾਬ ਭਰ ਵਿਚ ਘੁੰਮ ਫਿਰ ਕੇ ਜੋ ਕੀਤਾ, ਉਹ ਸੀ ਧਰਮਸਾਲਾਵਾਂ, ਗੁਰਦੁਆਰਿਆਂ ਦੇ ਜਾਲੇ ਲੱਗਿਆਂ ਆਲਿਆਂ ਵਿਚੋਂ, ਬੜੇ ਅਦਬ ਸਤਿਕਾਰ ਨਾਲ, ਆਦਿ ਸ੍ਰੀ ਗਰੰਥ ਸਾਹਿਬ ਦੀਆਂ ਬੀੜਾਂ ਨੂੰ ਝਾੜ ਪੂੰਝ ਕੇ, ਉਹਨਾਂ ਦਾ ਪਰਕਾਸ਼ ਕਰਨਾ। ਅਜੇਹੀਆਂ ਬੰਦ ਪਈਆਂ ਧਰਮਸਾਲਾਵਾਂ ਨੂੰ ਮੁੜ ਚਾਲੂ ਕਰ ਕੇ, ਉੱਥੇ ਗਰੰਥੀ ਸਿੰਘ ਨਿਯੁਕਤ ਕਰਕੇ, ਸੁਬ੍ਹਾ ਸ਼ਾਮ ਦੋਵੇਂ ਸਮੇਂ, ਸੰਗਤ ਦੀ ਹਾਜ਼ਰੀ ਯਕੀਨੀ ਬਣਾ ਕੇ, ਫਿਰ ਨਾਮ-ਬਾਣੀ ਦੇ ਨਾਲ-ਨਾਲ, ਕਥਾ ਕੀਰਤਨ ਦਾ ਪ੍ਰਵਾਹ ਸ਼ੁਰੂ ਕੀਤਾ। ਨਾਮਧਾਰੀ ਮੱਤ ਦੀ ਸਥਾਪਨਾ ਤੋਂ ਪਹਿਲਾਂ ਸਿੱਖੀ ਦੀ ਜੋ ਦੁਰਦਸ਼ਾ ਹੋ ਚੁੱਕੀ ਸੀ, ਉਸ ਬਾਰੇ ਵੀ ਗਿਆਨੀ ਗਿਆਨ ਸਿੰਘ ਹੋਰਾਂ ਦੀ ਗਵਾਹੀ ਬਹੁਤ ਸਟੀਕ ਹੈ:

ਜਾਗ ਜਿਨ ਕੇ ਬਡੇਰੇ ਬਾਣੀ ਪੜਤੇ ਸਵੇਰੇ,
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।
ਤਿਨਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਿਖਿਆਤੀ,
ਪਾਇ ਹੈਂ ਨਾਂ ਭਾਤੀ ਮੂਸ ਖਾਤ ਗ੍ਰੰਥ ਜੋ ਧਰੈਂ।
ਜਪੁਜੀ ਨ ਰਹੁਰਾਸਿ ਪੜੈ ਸੁਨੈ ਕਬੀ ਖਾਸ,
ਔਰ ਜੋ ਪੜਤ ਪਾਸ ਹਾਸ ਤਿਨ ਯੌਂ ਰਰੈਂ।
ਕਿਆ ਰਬ ਬਹਿਰਾ ਹੈ ਗਹਿਰਾ ਪੁਕਾਰੈਂ ਜੋ ਤੂੰ,
ਸ਼ਹਿਰਾਂ ਮੈਂ ਜਾਇ ਲੁਕਮੈਂ ਰੀਝਾਇ ਲੈ ਤਰੈਂ।

ਸਤਿਗੁਰੂ ਜੀ ਨੇ ਇਕ ਪ੍ਰਸਿਧ ਕੂਕਾ ਦੀਵਾਨ ਬੂਟਾ ਸਿੰਘ ਲਾਹੌਰ ਦੇ ਪਰੈਸ ਵਿਚੋਂ, ਆਦਿ ਸ੍ਰੀ ਗਰੰਥ ਸਾਹਿਬ ਦੀਆਂ ਬੀੜਾਂ ਅਤੇ ਬਾਣੀ ਦੇ ਗੁਟਕੇ, ਆਪਣੇ ਪਾਸੋਂ ਮਾਇਆ ਦੇ ਕੇ ੧੮੬੯ਈ ਵਿਚ ਛਪਵਾ ਕੇ, ਸੰਗਤਾਂ ਵਿਚ ਵੰਡੇ।

ਸਤਿਗੁਰੂ ਜੀ ਨੇ ਅੰਗ੍ਰੇਜ਼ ਸਰਕਾਰ ਦੇ ਮੁਕਾਬਲੇ ਵਿਚ, ਆਪਣਾ ਇਕ ਬਰਾਬਰ ਦਾ ਸੰਗਠਨ, ਪਿੰਡ ਪੱਧਰ ਤੋਂ ਕੂਕਾ ਕੇਂਦਰ, ਸ੍ਰੀ ਭੈਣੀ ਸਾਹਿਬ ਤੱਕ ਉਸਾਰਿਆ ਜਿਸ ਵਿਚ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਾਲੇ ਸੰਪਰਕ ਸੂਤਰ ਸਨ ਆਪ ਦੁਆਰਾ ਥਾਪੇ ਸੂਬੇ। ਉਹਨਾਂ ਤੋਂ ਹੇਠਾਂ ਵੱਖੋ ਵੱਖਰੇ ਇਲਾਕਿਆਂ ਲਈ ਮਹੰਤ, ਜਥੇਦਾਰ ਅਤੇ ਪਿੰਡਾਂ ਦੀ ਸੰਗਤ ਦੇ ਮੁਖੀ ਸਿੰਘ। ਨਿਰੋਲ ਸਵਦੇਸੀ ਵਸਤਾਂ ਦੀ ਵਰਤੋਂ ਤੇ ਜ਼ੋਰ ਦਿੱਤਾ। ਸਤਿਗੁਰੂ ਜੀ ਦੇ ਸੂਬੇ, ਵੱਖ ਵੱਖ ਜ਼ਿਲ੍ਹਿਆਂ ਲਈ ਧਰਮ ਪ੍ਰਚਾਰ ਦੇ ਵੀ ਆਗੂ ਸਨ, ਇਲਾਕੇ ਦੇ ਸਿੰਘਾਂ ਦੇ ਆਪਸੀ ਝਗੜਿਆਂ ਦੇ ਫੈਸਲੇ ਵੀ ਕਰਦੇ। ਉਹਨਾਂ ਦੀਆਂ ਹੋਰ ਮੁਸ਼ਕਲਾਂ ਵਿਚ ਵੀ ਸਹਾਈ ਹੁੰਦੇ। ਅਪੀਲ ਦੀ ਆਖਰੀ ਅਦਾਲਤ ਦੇ ਰੂਪ ਵਿਚ ਸਤਿਗੁਰੂ ਜੀ ਦਾ ਹੁਕਮ ਮੰਨਿਆਂ ਜਾਂਦਾ ਛੇਤੀ ਹੀ ਸਰਕਾਰ ਨੂੰ ਕੂਕਿਆਂ ਦੇ ਵਧ ਰਹੇ ਪ੍ਰਭਾਵ ਅਤੇ ਸਤਿਗੁਰੂ ਜੀ ਦੇ ਤਪ-ਤੇਜ਼ ਤੋਂ ਆਪਣੇ ਸਾਮਰਾਜ ਵਿਰੁੱਧ ਬਗਾਵਤ ਦੀਆਂ ਕਨਸੋਆਂ ਆਉਣ ਲਗ ਪਈਆਂ। ਖੋਟਿਆਂ ਵਿਚ ੩ ਜੂਨ ੧੮੬੩ ਦੇ ਅਨੰਦ ਕਾਰਜ ਸ਼ੁਰੂ ਕਰਨ ਤੋਂ ਬਾਦ, ੧੮੬੬ਈ ਤੱਕ ਆਪ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਰੱਖ ਕੇ, ਦੌਰੇ ਕਰਨ ਉੱਤੇ ਰੋਕ ਲਾ ਦਿੱਤੀ।

ਸੰਤ ਨਿਧਾਨ ਸਿੰਘ 'ਆਲਮ' ਦੇ ਸ਼ਬਦਾਂ ਵਿਚ ਸਰਕਾਰੀ ਪਾਬੰਦੀਆਂ ਦੀ ਖਿੱਲੀ ਉਡਾਉਣ ਲਈ, ਸਤਿਗੁਰੂ ਰਾਮ ਸਿੰਘ ਜੀ, ੧੫-੨੦ ਹਜ਼ਾਰ ਨਾਮਧਾਰੀ ਸੰਗਤਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਦੇ ਮਾਰਚ ੧੮੬੭ਈ ਦੇ ਹੋਲੇ ਮਹੱਲੇ ਸਮੇਂ, ਉਥੇ ਪੁਜਦੇ ਹਨ। ਇਸ ਸਮੇਂ ਪੰਜਾਬ ਦੇ ਪੁਲਿਸ ਅਤੇ ਸਿਵਲ ਦੇ ਹੁਸ਼ਿਆਰਪੁਰ ਅਤੇ ਹੋਰ ਜ਼ਿਲ੍ਹਿਆਂ ਦੇ ਉਚ ਅਧਿਕਾਰੀ ਸਮੇਤ ਡੀ ਆਈ ਜੀ ਪੁਲਿਸ ਮੈਕ ਐਂਡਰੀਓ ਅਤੇ ਕਮਿਸ਼ਨਰ ਮੈਕਨਬ ਉਥੇ ਪੁੱਜੇ ਹੋਏ ਸਨ ਇਹਨਾਂ ਅਧਿਕਾਰੀਆਂ ਨੇ ਸਤਿਗੁਰੂ ਜੀ ਨਾਲ ਵਿਸ਼ੇਸ਼ ਮੁਲਾਕਾਤਾਂ ਵੀ ਕੀਤੀਆਂ। ਸੰਤ ਖਾਲਸਾ ਦੇ ਸ਼ਾਨਦਾਰ ਪਹਿਰਾਵਿਆਂ, ਸਵਾਈ ਪਸੰਦੀ ਅਤੇ ਵਿਸ਼ੇਸ਼ ਅਨੁਸ਼ਾਸਨ ਵਿਚ ਸਤਿਗੁਰੂ ਜੀ ਦੀ ਅਗੁਆਈ ਵਿਚ ਜਥੇਬੰਦ ਹੋਣ ਦੇ ਗੁਣਾਂ ਤੋਂ ਵੀ, ਉਹ ਪ੍ਰਭਾਵਿਤ ਹੋਏ ਏਸੇ ਲਈ ਉਹਨਾਂ ਨੂੰ ਲਿਖਣਾ ਪਿਆ ਕਿ (ਸਤਿਗੁਰੂ) ਰਾਮ ਸਿੰਘ ਸਾਧਾਰਨ ਸਾਧੂ ਜਾਂ ਫਕੀਰ ਨਾ ਸਮਝਿਆ ਜਾਵੇ ਉਹ ਤਾਂ "ਅੱਧੀ ਦਰਜਨ ਘੋੜ ਸੁਆਰਾਂ ਅਤੇ ਬੀਸੀਆਂ ਪੈਦਲਾਂ ਦੀ ਅੜਦਲ ਵਿਚ ਘਿਰਿਆ ਆਪਣੇ ਦਰਬਾਰ ਦੇ ਰੂਪ ਵਿਚ ਹੀ ਤੁਹਾਡੇ ਦਰਮਿਆਨ ਆਉਂਦਾ ਹੈ" ਸਤਿਗੁਰੂ ਜੀ ਦੇ ਰਾਜਸੀ ਠਾਠ-ਬਾਠ ਅਤੇ ਸੰਗਤਾਂ ਦੇ ਵਿਸ਼ਾਲ ਇਕੱਠ ਦੁਆਰਾ, ਉਹਨਾਂ ਦੇ ਇਕ ਇਕ ਇਸ਼ਾਰੇ ਮੁਤਾਬਿਕ ਵਾਂਛਿਤ ਅਮਲ ਕਰਨਾ, ਸਰਕਾਰ ਨੂੰ ਧਰਕਾਉਣ ਲਈ ਕਾਫੀ ਸੀ। ੧੮੬੭ਈ: ਦੀ ਦਿਵਾਲੀ ਤੇ, ਫਿਰ ਏਸੇ ਤਰ੍ਹਾਂ ਦੇ ਵਿਸ਼ਾਲ ਇਕੱਠ ਵਿਚ, ਸ੍ਰੀ ਹਜ਼ੂਰ ਨੇ ਅੰਮ੍ਰਿਤਸਰ ਦਰਸ਼ਨ ਦਿੱਤੇ ਅਤੇ ਸ੍ਰੀ ਅਕਾਲ ਤਖ਼ਤ ਅਤੇ ਹਰਮੰਦਰ ਸਾਹਿਬ, ਪੁਜਾਰੀਆਂ ਨਾਲ ਹੋਏ ਬਹਿਸ ਮੁਬਾਹਿਸੇ ਵਿਚ, ਆਪ

ਜੀ ਨੇ ਨਾਮਧਾਰੀ ਜੀਵਨ ਜਾਚ ਨੂੰ ਗੁਰਮਤ ਦੇ ਅਨੁਕੂਲ ਅਤੇ ਪੁਜਾਰੀਆਂ ਦੀ ਜੀਵਨ ਜਾਚ ਤੋਂ ਕਿਤੇ ਬੇਹਤਰ ਸਿੱਧ ਕੀਤਾ।

ਸਤਿਗੁਰੂ ਜੀ ਨੇ ਕਸ਼ਮੀਰ, ਹੈਦਰਾਬਾਦ, ਲਖਨਊ, ਗਵਾਲੀਅਰ ਆਦਿ ਭਾਰਤੀ ਰਿਆਸਤਾਂ ਅਤੇ ਨੈਪਾਲ, ਅਫਗਾਨਿਸਤਾਨ ਅਤੇ ਰੂਸ ਦੇ ਮੱਧ ਏਸ਼ੀਆ ਵਾਲੇ ਇਲਾਕਿਆਂ ਵਿਚ ਆਪਣੇ ਕੂਟਨੀਤਿਕ ਮਿਸ਼ਨ ਭੇਜੇ। ਇਥੋਂ ਸਪੱਸ਼ਟ ਹੁੰਦਾ ਹੈ ਕਿ ਉਹ ਬਸਤੀਵਾਦੀ ਯੋਰਪ ਦੀਆਂ ਸ਼ਕਤੀਆਂ ਵਿਰੁਧ, ਫੈਸਲਾਕੁੰਨ ਸੰਗਰਾਮ ਵਿੱਢਣ ਲਈ, ਏਸ਼ੀਅਨ ਤਾਕਤਾਂ ਦਾ ਇਕ ਸਾਂਝਾ ਮੁਹਾਜ ਬਨਾਉਣਾ ਚਾਹੁੰਦੇ ਸਨ। ਉਹਨਾਂ ਨੇ ਰਿਆਸਤੀ ਹੁਕਮਰਾਨਾਂ ਨੂੰ ਕੂਕਿਆਂ ਨੂੰ ਸੈਨਿਕ ਸਿੱਖਿਆ ਦੇਣ ਲਈ ਪਰੇਰਿਆ ਕਸ਼ਮੀਰ ਕੂਕਾ ਰੈਜ਼ੀਮੈਂਟ ਤਾਂ ਇਕ ਵੰਨਗੀ ਮਾਤਰ ਹੈ ਸਰਕਾਰੀ ਰੀਪੋਰਟਾਂ ਵਿਚੋਂ ਇਹ ਭਾਸਦਾ ਹੈ ਕਿ ਆਪ ਇਕ ਸਮਾਨੰਤਰ ਸਰਕਾਰ ਦੇ ਗਠਨ ਵੱਲ ਵਧ ਰਹੇ ਸਨ।

ਅੰਗਰੇਜ਼ ਸਮਝਦੇ ਸਨ ਕਿ ਏਸ਼ੀਅਨ ਮੁਲਕਾਂ ਵਿਚ ਧਰਮ ਦੇ ਨਾਂ ਤੇ ਉੱਠਣ ਵਾਲੀਆਂ, ਛੋਟੀਆਂ ਛੋਟੀਆਂ ਜਾਪਦੀਆਂ ਲਹਿਰਾਂ, ਸਮਾਂ ਪਾ ਕੇ ਵਿਸਤਰਿਤ ਰਾਜਸੀ ਅੰਦੋਲਨ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਸ ਲਈ ਸਤਿਗੁਰੂ ਜੀ ਦੇ ਅੰਦੋਲਨ ਬਾਰੇ ਮੈਕ ਐਂਡਰੀਓ ਦੀ ਰੀਪੋਰਟ ਵਿਚ, ਉਹਨਾਂ ਦੇ ਪੜਾਅ ਦਰ ਪੜਾਅ ਉਚ ਰੁਤਬੇ ਵੱਲ ਵਧਦੇ ਜਾਣ ਦੇ ਸੰਕੇਤ ਦਰਜ ਹਨ "ਪਹਿਲਾਂ ਜਦੋਂ ਉਹਨਾਂ ਨੂੰ ਹਜ਼ਰੋਂ ਦੇ ਗੁਰੂ ਬਾਲਕ ਸਿੰਘ ਦਾ ਵਾਰਿਸ ਥਾਪਿਆ ਤਾਂ ਉਸ ਨੂੰ ਰਾਮ ਸਿੰਘ ਮਹੰਤ ਕਿਹਾ ਜਾਂਦਾ ਸੀ। ਫਿਰ ਗੁਰੂ ਰਾਮ ਸਿੰਘ ਕਿਹਾ ਜਾਣ ਲੱਗ ਪਿਆ। ਫਿਰ ਸਤਿਗੁਰੂ ਅਤੇ ਹੁਣ ਕੁਝ ਸਮੇਂ ਤੋਂ "ਸਤਿਗੁਰੂ-ਸੱਚਾ ਪਾਤਸ਼ਾਹ" ਕਿਹਾ ਜਾਂਦਾ ਹੈ " ਭਾਵ ਇਹ ਬਿਆਨ ਸਤਿਗੁਰੂ ਜੀ ਦੇ ਪ੍ਰਭਾ ਮੰਡਲ ਦੇ ਕ੍ਰਮਿਕ ਵਿਕਾਸ ਵੱਲ ਇੰਗਤ ਕਰਦਾ ਹੈ। ਇਸੇ ਤਰ੍ਹਾਂ ਹੀ ਲੁਧਿਆਣਾ ਪਲਿਸ ਦਾ ਕੈਪਟਨ ਬੇਲੀ, ਕਾਬਲ ਦੇ ਅਮੀਰ ਅਬਦੁਲ ਰਜ਼ਾਕ ਦੇ ਦੋ ਪੁੱਤਰਾਂ ਦੇ, ਸਤਿਗੁਰੂ ਜੀ ਪਾਸ ਭੈਣੀ ਸਾਹਿਬ ਪੁੱਜਣ ਤੇ ਲਿਖਦਾ ਹੈ -

"ਇਕ ਪੇਂਡੂ ਦਸਤਕਾਰ ਦੀ ਸ਼ੋਹਰਤ ਦਾ ਡੰਕਾ ਕਿੱਥੋਂ ਤੱਕ ਵੱਜਣ ਲੱਗ ਪਿਆ ਹੈ "

ਐਨਸਾਈਕਲੋਪੀਡੀਆ ਆਫ ਬਿਰਟੇਨਿਕਾ ਵਿਚ ਦਰਜ ਹੈ

"ਸਤਿਗੁਰੂ ਰਾਮ ਸਿੰਘ ਪਹਿਲਾ ਭਾਰਤੀ ਦਾਰਸ਼ਨਿਕ ਅਤੇ ਸੁਧਾਰਕ ਹੈ, ਜਿਸਨੇ ਬ੍ਰਿਟਿਸ਼ ਸੰਸਥਾਵਾਂ ਅਤੇ ਉਹਨਾਂ ਦੁਆਰਾ ਨਿਰਮਿਤ ਵਸਤੂਆਂ ਦੇ ਬਾਈਕਾਟ ਨੂੰ, ਸਭ ਤੋਂ ਪਹਿਲਾਂ ਇਕ ਰਾਜਨੀਤਕ ਹਥਿਆਰ ਦੇ ਤੌਰ ਤੇ ਵਰਤਿਆ ਹੈ।"

ਸਤਿਗੁਰੂ ਜੀ ਨੂੰ ਬੁਚੜਬੰਧ ਸਾਕਿਆਂ ਤੋਂ ਪਹਿਲਾਂ ਵੀ ਸਰਕਾਰ ਜਲਾਵਤਨ ਕਰਨ ਬਾਰੇ ਸੋਚ ਰਹੀ ਸੀ। ਹੁਣ ਤਾਂ ਇਕ ਬਹੁਤ ਵੱਡਾ ਬਹਾਨਾ ਇਸ ਰੂਪ ਵਿਚ ਮਿਲ ਗਿਆ ਸੀ। ਰਾਇਕੋਟ ਦੇ ਸਾਕੇ ਸਮੇਂ ਵੀ ੨੯ ਜੁਲਾਈ ੧੮੭੧ਈ. ਨੂੰ ਕਮਿਸ਼ਨਰ ਨੇ ਬੱਸੀਆਂ ਕੋਠੀ ਵਿਖੇ ਸਾਰਾ ਦਿਨ ਆਪ ਤੋਂ ਪੁੱਛ-ਗਿਛ ਕੀਤੀ ਸੀ, ਹੁਣ ਉਹ ਸਤਿਗੁਰੂ ਜੀ ਤੇ ਉਹਨਾਂ ਦੇ ਮੁੱਖੀ ਸੂਬਿਆਂ ਦੇ ਖੁੱਲ੍ਹਮ ਖੁੱਲ੍ਹਾ ਵਿਚਰ ਦੇ ਹੋਣ ਦੀ ਸੂਰਤ

ਵਿਚ ਆਪਣੇ ਆਪ ਲਈ ਸੁਰੱਖਿਅਤ ਨਹੀਂ ਸਮਝਦੇ ਸਨ। ਇਹ ਵੀ ਇਕ ਸੰਜੋਗ ਹੈ ਕਿ ਆਪ ਦੇ ਪੋਤਰ ਵਿਹਾਰ ਤੇ ਰੋਕ ਲਾਉਣ ਸਮੇਂ ਸਰਕਾਰ ਆਪ ਨੂੰ "ਬ੍ਰਿਟਿਸ਼ ਭਾਰਤ ਵਿਚ ਉਹਨਾਂ ਦੇ ਰਾਜ ਲਈ ਸਭ ਤੋਂ ਖ਼ਤਰਨਾਕ ਵਿਅਕਤੀ" ਲਿਖ ਰਹੀ ਹੈ ਅਤੇ ਸਤਿਗੁਰੂ ਜੀ ਵੀ ਆਪਣੇ ਹੁਕਮਨਾਮੇਂ ਵਿਚ ਲਿਖਦੇ ਹਨ ਕਿ ਇਹਨਾਂ (ਗੋਰਿਆਂ) ਨੂੰ ਮੇਰੇ ਸਰੀਰ ਦਾ ਕਾਲ ਵਰਗਾ ਭੈ ਹੈ"।

ਸਤਿਗੁਰੂ ਜੀ ਨੇ ਜਲਾਵਤਨੀ ਸਮੇਂ ਛੋਟੇ ਭਾਈ ਬੁੱਧ ਸਿੰਘ ਹੋਰਾਂ ਨੂੰ ਆਪਣਾ ਉੱਤਰਾ ਅਧਿਕਾਰੀ ਥਾਪਿਆ, ਜਿਹਨਾਂ ਨੂੰ ਆਪ ਦੇ ਹੁਕਮ ਅਨੁਸਾਰ ਸੰਗਤ ਗੁਰੂ ਹਰੀ ਸਿੰਘ ਕਹਿ ਕੇ ਯਾਦ ਕਰਦੀ ਹੈ ਆਪ ਜੀ ਪੂਰੇ ੩੪ ਵਰ੍ਹੇ, ਕਠਿਨ ਹਾਲਾਤ ਵਿਚ ਸੰਗਤ ਨੂੰ ਹਰਾ ਭਰਾ ਰੱਖਿਆ ਆਜ਼ਾਦੀ ਦੀ ਲੜਾਈ ਜਾਰੀ ਰੱਖੀ ਅਤੇ ੧੯੦੬ ਦੀ ੧੭ ਮਈ ਨੂੰ ਆਪਦੇ ਜੋਤੀ ਜੋਤਿ ਸਮਾਉਣ ਬਾਅਦ, ਗੁਰਤਾ-ਗੱਦੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਬਿਰਾਜਮਾਨ ਹੋਏ। ਆਪ ਨੇ ਵੀ ਆਪਣੇ ਢੰਗ ਨਾਲ ਹਰ ਰੰਗ ਦੇ ਕੌਮੀ ਮੁਕਤੀ ਅੰਦੋਲਨ ਨੂੰ ਭਰਪੂਰ ਸਹਿਯੋਗ ਦਿੱਤਾ ਕੌਮੀ ਆਗੂਆਂ ਨਾਲ ਨੇੜਲੇ ਸਬੰਧ ਸਥਾਪਿਤ ਕੀਤੇ। ਸ੍ਰੀ ਭੈਣੀ ਸਾਹਿਬ ਵਿਖੇ ਕੋਈ ਵੀ ਦੇਸ਼ ਭਗਤ ਕਿਸੇ ਸਮੇਂ ਵੀ ਆ ਸਕਦਾ ਸੀ, ਭਾਵੇਂ ਉਸਦਾ ਪਿੱਛਾ ਪੁਲਿਸ ਹੀ ਕਿਉਂ ਨਾ ਕਰ ਰਹੀ ਹੋਵੇ। ਉਹਨਾਂ ਨੇ ਹਿੰਦੂ-ਸਿੱਖ-ਮੁਸਲਿਮ ਇਤਿਹਾਦ ਲਈ ਅਤੇ ਸਾਰੇ ਗੁਰੂ ਨਾਨਕ ਨਾਮ ਲੇਵਿਆਂ ਨੂੰ ਇਕ ਜਗ੍ਹਾ ਇਕੱਠਾ ਕਰਨ ਲਈ ਇਤਿਹਾਸਿਕ ਕਾਰਜ ਕੀਤੇ। ਸਤਿਗੁਰੂ ਪਰਤਾਪ ਸਿੰਘ ਜੀ ਦੇ ਛੋਟੇ ਭਰਾਵਾਂ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਕਾਂਗਰਸ ਦੇ ਮਹਾਜ ਤੋਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ, ਵਡਮੁੱਲਾ ਯੋਗਦਾਨ ਪਾਇਆ। ਪੱਛਮੀ ਪੰਜਾਬ ਵਿਚੋਂ ਉੱਜੜ ਕੇ ਆਏ ਨਾਮਧਾਰੀਆਂ ਲਈ, ਇਲਾਕਾ ਸ੍ਰੀ ਜੀਵਨ ਨਗਰ (ਸਿਰਸਾ-ਹਰਿਆਣਾ) ਆਬਾਦ ਕੀਤਾ। ਨਾਮਧਾਰੀ ਪੰਥ ਦੀ ਪ੍ਰਫੁੱਲਤਾ ਲਈ ਏਸ਼ੀਆ ਅਤੇ ਅਫਰੀਕਾ ਦੇ ਕਈ ਦੇਸ਼ਾਂ ਦੇ ਦੌਰੇ ਕੀਤੇ ਉਹਨਾਂ ਦੇ ੧੯੫੯ਈ ਵਿਚ ਗੁਰਪੁਰੀ ਪਿਆਨਾ ਕਰਨ ਤੋਂ ਬਾਅਦ, ਹੁਣ ਤੱਕ ਨਾਮਧਾਰੀ ਸੰਗਤ ਦੀ ਰਹਿਨੁਮਾਈ ਸਤਿਗੁਰੂ ਜਗਜੀਤ ਸਿੰਘ ਜੀ ਕਰਦੇ ਆ ਰਹੇ ਹਨ ਆਪ ਨੇ ਤਮਾਮ ਵਿਸ਼ਵ ਵਿਚ ਨਾਮਧਾਰੀ ਸੰਗਤ ਨੂੰ ਸਥਾਪਿਤ ਕਰਨ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਖੇਡਾਂ, ਸੰਗੀਤ, ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ, ਸਾਹਿਤ, ਇਤਿਹਾਸ, ਇਤਿਹਾਸਿਕ ਸਥਾਨਾਂ ਦੀ ਸਾਂਭ ਸੰਭਾਲ ਅਤੇ ਹਰ ਖੇਤਰਾਂ ਵਿਚ ਨਾਮਧਾਰੀ ਸੰਗਤ ਨੇ ਆਪ ਦੀ ਸੁਚੱਜੀ ਅਗੁਆਈ ਵਿਚ ਢੇਰ ਪ੍ਰਾਪਤੀਆਂ ਕੀਤੀਆਂ ਹਨ। ਆਪ ਪੰਥ ਦੇ ਬਹੁਤ ਹੀ ਸਖੀ, ਉਦਾਰ ਚਿੱਤ ਅਤੇ ਮਾਨਵ ਮਾਤਰ ਨੂੰ ਆਪਣੇ ਪ੍ਰੇਮ-ਪਾਸ ਵਿਚ ਲੈਣ ਲਈ ਸਦੈਵ ਤਤਪਰ ਰਹਿੰਦੇ ਹਨ। ਉਹਨਾਂ ਦੀ ਅਗਵਾਈ ਵਿਚ ਨਾਮਧਾਰੀ ਜਗਤ, ਪਰੰਪਰਾ ਅਤੇ ਆਧੁਨਿਕਤਾ ਦਾ ਸੁਮੇਲ ਨਜ਼ਰ ਆਉਂਦਾ ਹੈ

## ਰਾਈਆਂ (ਪੰਜਾਬ)

### ਪ੍ਰਕਾਸ਼ ਅਸਥਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਪਹਿਲੇ ਸਮਿਆਂ ਵਿਚ ਇਹ ਰਿਵਾਜ ਸੀ ਕਿ ਗੁਆਂਢੀ ਪਿੰਡਾਂ ਦਾ ਨਾਂ ਇਕੱਠਾ ਹੀ ਲੈ ਲਿਆ ਜਾਂਦਾ ਸੀ। ਇਸੇ ਤਰ੍ਹਾਂ ਬੇਸ਼ੱਕ ਸ੍ਰੀ ਭੈਣੀ ਸਾਹਿਬ ਅਤੇ ਰਾਈਆਂ ਦੋ ਅਲੱਗ-ਅਲੱਗ ਪਿੰਡ ਸਨ ਪਰ ਇਹਨਾਂ ਦਾ ਨਾਂ ਇਕੱਠਾ ਹੀ "ਭੈਣੀ-ਰਾਈਆਂ" ਲੈ ਲਿਆ ਜਾਂਦਾ ਸੀ। ਰਾਈਆਂ ਦੀ ਮਸ਼ਹੂਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 'ਪਰਕਾਸ਼-ਅਸਥਾਨ' ਹੋਣ ਕਾਰਨ ਦੇਸ਼ਾਂ ਦੇਸ਼ਾਂਤਰਾਂ ਵਿਚ ਹੋਈ ਹੈ। ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਲਿਖਦੇ ਹਨ:-

"ਭੈਣੀ ਰਾਈਆਂ ਰਾਮ ਮ੍ਰਿਗੇਸ਼ ਪਰਕਾਸ਼ ਕਰ,
ਸਦਾ ਘਰ ਸੌਦਾ ਲੈ ਕੇ ਆਇਆ ਕਰਤਾਰ ਦਾ,
ਅਠਾਰਾਂ ਸੈ ਬਹੱਤਰੇ ਦੀ ਮਾਘ ਸੁਦੀ ਪੰਚਮੀ ਨੂੰ,
ਜੱਸਾ ਸਿੰਘ ਜੀ ਦਾ ਜੱਸ ਜੱਗ 'ਚ ਖਿਲਾਰਦਾ।
ਚੰਦ ਅਤੇ ਚੰਦਨੋਂ ਭੀ ਠੰਡਾ ਰੁੱਤ ਸੀਤ ਨਾਲੋਂ,
ਬਾਵਨਦੇ ਵਾਂਗ ਬਨ ਸਗਲਾ ਮਹਿਕਾਰ ਦਾ,
ਪਸ਼ੂ ਤੇ ਪਰੇਤੋਂ ਕੀਤੇ ਦੇਵ 'ਮ੍ਰਿਗੇਸ਼' ਕਵਿ,
ਕੀਤਾ ਸੀ ਦੀਦਾਰ ਜਿਸ ਚੀਨੀ ਅਸਵਾਰ ਦਾ।"

ਸਤਿਗੁਰੂ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਰਾਈਆਂ ਵਿਖੇ ਹੀ ਲੁਹਾਰੇ ਤਰਖਾਣੇ ਦਾ ਵਿਹਾਰ ਕਰਦੇ ਸਨ ਕਦੇ ਕਦੇ ਪਿੰਡ ਦੇ ਜੱਟਾਂ ਨਾਲ ਹਿੱਸਾ ਪੱਤੀ ਕਰਕੇ ਖੇਤੀ ਵੀ ਕਰਦੇ ਸਨ। ਬਾਬਾ ਜੱਸਾ ਸਿੰਘ ਜੀ ਦਾ ਪਿੰਡ ਵਿਚ ਜ਼ਿਆਦਾ ਬਹਿਣ ਉੱਠਣ, ਉਦਾਸੀ ਡੇਰੇ ਦੇ ਮੁਖੀ ਸਾਧੂ ਬਾਬਾ ਮਨਸਾ ਰਾਮ ਜੀ ਨਾਲ ਹੀ ਸੀ। ਇਸ ਲਈ ਸਤਿਗੁਰੂ ਜੀ ਦੇ ਪ੍ਰਦੇਸ-ਗਵਨ ਤੋਂ ਥੋੜਾ ਸਮਾਂ ਬਾਅਦ ਜਦੋਂ ਬਾਬੇ ਜੱਸਾ ਸਿੰਘ ਜੀ ਨੇ ਚਲਾਣਾ ਕੀਤਾ ਤਾਂ ਉਹਨਾਂ ਦਾ ਸਸਕਾਰ ਮਨਸਾ ਰਾਮ ਦੀ ਸਮਾਧ ਪਾਸ ਹੀ ਰਾਈਆ ਪਿੰਡ ਦੀ ਜੂਹ ਵਿਚ, ਭੈਣੀ ਸਾਹਿਬ ਤੋਂ ਦੇਹ ਲਿਆ ਕੇ ਕੀਤਾ ਗਿਆ। ਸਤਿਗੁਰੂ ਜੀ ਦੇ ਪ੍ਰਕਾਸ਼ ਅਸਥਾਨ ਵਾਲੇ ਘਰ ਵਿਚ ਵੀ ਲੱਗਭਗ ਪੌਣੇ ਦੋ ਸਦੀਆਂ ਰਾਈਆਂ ਡੇਰੇ ਵਾਲੇ ਉਦਾਸੀ ਸਾਧੂਆਂ ਦਾ ਕਬਜਾ ਰਿਹਾ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਇਹ ਪ੍ਰਕਾਸ਼ ਅਸਥਾਨ ਆਦਿ ਹਾਸਿਲ ਕਰਨ ਲਈ ਯਤਨ ਹੁੰਦੇ ਰਹੇ ਪਰ ਅਖੀਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਰੇ ਵਿਚ ਸੰਨ ੧੯੮੫ਈ: ਨੂੰ ਇਹ ਪਵਿੱਤਰ ਅਸਥਾਨ ਨਾਮਧਾਰੀ ਸੰਗਤ ਨੂੰ ਪ੍ਰਾਪਤ ਹੋ ਗਿਆ।

"ਭੈਣੀ ਸਾਹਿਬੋਂ ਉੱਤਰ ਪੱਛਮ ਦੀ ਦਿਸ਼ਾ ਵੱਲ, ਸਵਾ ਡੇਢ ਕਿਲੋਮੀਟਰ ਦੇ ਫਾਸਲੇ ਤੇ ਇਕ ਨਗਰ ਹੈ ਰਾਈਆਂ। ਇਹੋ ਨਗਰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਨਗਰ ਹੈ ਰਾਈਆਂ ਸ਼ਬਦ ਇਸੇ ਨਗਰ ਦੇ ਵਾਸੀ ਜ਼ਿਮੀਦਾਰਾਂ ਦੀ ਗੋਤ ਦਾ ਜ਼ਰਾ ਕੁ ਵਿਗੜਿਆ ਰੂਪ ਹੈ। ਜ਼ਿਮੀਦਾਰ ਰਾਏ-ਗੋਤ ਦੇ ਜੱਟ ਹਨ, "ਰਾਇਆ" ਰਤਾ ਕੁ ਫਰਕ ਨਾਲ 'ਰਾਈਆਂ' ਹੋ ਗਿਆ ਹੈ "

-ਪ੍ਰੀਤਮ ਸਿੰਘ ਕਵੀ ਰਚਿਤ "ਮਹਿਮਾ ਭੈਣੀ ਸਾਹਿਬ ਦੀ",

ਪਿੰਡ ਰਾਈਆਂ ਦੇ ਇਕ ਹਜ਼ਾਰਾ ਸਿੰਘ ਨਾਮੀ ਕੂਕੇ ਸਿੰਘ ਨੇ, ਜੋ ਸੈਨਾ ਵਿਚ ਭਰਤੀ ਹੋ ਗਿਆ ਸੀ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਦੀ ਪ੍ਰੇਰਣਾ ਨਾਲ ਗ਼ਦਰ ਪਾਰਟੀ ਵੱਲੋਂ ਅਰੰਭੇ ਵਿਦਰੋਹ ਵਿਚ ਹਿਸਾ ਲਿਆ। ਕੋਰਟ ਮਾਰਸ਼ਲ ਹੋ ਕੇ ਫਾਂਸੀ ਦੀ ਸਜ਼ਾ ਖਿੜੇ ਮੱਥੇ ਪਰਵਾਨ ਕੀਤੀ.-

"ਹਜ਼ਾਰਾ ਸਿੰਘ ਭੈਣੀ-ਰਾਈਆਂ ਪਿੰਡ ਦਾ ਸੀ,
ਪਾਈਆਂ ਫੌਜ ਦੇ ਵਿਚ ਸ਼ਹੀਦੀਆਂ ਨੇ,
ਇਹਨਾਂ ਲਹੂ ਰੰਗੇ ਖੂਨੀ ਫੱਟਿਆਂ ਤੇ,
ਗਈਆਂ ਲੱਗ ਸਮਾਧੀਆਂ ਜੀਹਦੀਆਂ ਨੇ;
ਰੂਹ ਰੰਗਲੀ ਉਡ ਅਸਮਾਨ ਚੜ੍ਹ ਗਈ,
ਗਲੇ ਰੱਸੀਆਂ ਬੱਧੀਆਂ ਦੀਹਦੀਆਂ ਨੇ,
ਬਿਨਾਂ ਸਾਥੀਆਂ ਦੇ ਭਲਾ ਕੌਣ ਦੱਸੇ,
ਲੋਥਾਂ ਲਟਕੀਆਂ ਕੀਹਦੀਆਂ-ਕੀਹਦੀਆਂ ਨੇ।"

-ਗਿਆਨੀ ਹਰਿਭਜਨ ਸਿੰਘ ਚਮਿੰਡਾ ਦੀ "ਲਹੂ ਭਿੱਜੀਆਂ ਯਾਦਾਂ" ਵਿਚੋਂ

# ਸ੍ਰੀ ਭੈਣੀ ਸਾਹਿਬ (ਪੰਜਾਬ)

ਖਾਲਸੇ ਦੀ ਪੁਨਰ ਸੁਰਜੀਤੀ ਅਤੇ ਜੰਗੇ-ਆਜ਼ਾਦੀ ਦੀ ਜਨਮ ਭੂਮੀ





ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਦੇ ਤੌਰ ਤੇ ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ-ਪੰਜਾਬ) ਵਿਸ਼ਵ ਵਿਖਿਆਤ ਹੈ ਸਤਿਗੁਰੂ ਜੀ ਦੇ ਬਚਪਨ ਵਿਚ ਹੀ ਆਪ ਦੇ ਪਿਤਾ ਬਾਬਾ ਜੱਸਾ ਸਿੰਘ ਗੁਆਂਢੀ ਪਿੰਡ ਰਾਈਆਂ ਤੋਂ, ਭੈਣੀ ਸਾਹਿਬ ਆ ਗਏ। ਇਸ ਪਿੰਡ ਦੀ ਮੋਹੜੀ ਭੂੰਦਤ ਨਾਂ ਦੇ ਕਿਸੇ ਕਿਸਾਨ ਨੇ ਗੱਡੀ ਸੀ। ਬਹੁਤ ਚਿਰ ਇਸ ਨੂੰ 'ਭੈਣੀ ਭੂੰਦੜ' ਹੀ ਕਿਹਾ ਜਾਂਦਾ ਰਿਹਾ। ਫਿਰ ਇਹ ਪਿੰਡ ਕੁਦਰਤੀ ਕਰੋਪੀ ਨਾਲ ਉਜੜ ਗਿਆ ਤਾਂ ਦੁਬਾਰਾ ਫਿਰ ਭੂੰਦਤ ਦੀ ਉਲਾਦ ਵਿਚੋਂ ਆਲੇ ਨਾਂ ਦੇ ਜੱਟ ਨੇ ਇਸਦੀ ਨੀਂਹ ਰੱਖੀ। ਫ਼ਿਰ ਇਸ ਨੂੰ "ਭੈਣੀ ਆਲਾ" ਕਿਹਾ ਜਾਣ ਲੱਗਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਬਾਅਦ ਆਪ ਦੇ ਤੇਜ਼ ਪਰਤਾਪ ਨਾਲ ਇਸ ਨੂੰ ਭੈਣੀ ਆਲਾ ਦੀ ਬਜਾਏ ਸਤਿਗੁਰੂ ਸਾਹਿਬ ਦੀ ਭੈਣੀ ਹੋਣ ਕਾਰਨ ਸ੍ਰੀ ਭੈਣੀ ਸਾਹਿਬ ਕਿਹਾ ਜਾਣ ਲੱਗ ਪਿਆ

ਪ੍ਰਸਿੱਧ ਸੁਤੰਤਰਤਾ ਸੰਗਰਾਮੀ ਅਤੇ ਵਿਦਵਾਨ ਕੇਂਦਰੀ ਮੰਤਰੀ ਸ੍ਰੀ ਕੇ. ਐਮ. ਮੁਨਸ਼ੀ ਸ੍ਰੀ ਭੈਣੀ ਸਾਹਿਬ ਯਾਤਰਾ ਦਿਸੰਬਰ ੧੯੪੧ ਦੇ 'ਸਮਾਜ ਸੁਧਾਰਕ' ਪਤ੍ਰਿਕਾ ਵਿਚ ਲਿਖਦੇ ਹਨ-

"ਇਕ ਵੈਦਿਕ ਆਸ਼ਰਮ, ਬਹੁਤ ਦੂਰ ਦੂਰ ਤੱਕ ਹਰੇ ਭਰੇ ਖੇਤ ਅਤੇ ਉਹਨਾਂ ਵਿਚਕਾਰ ਪੁਰਾਣੇ ਸੁੰਦਰ ਰੁੱਖਾਂ ਦਾ ਸਮੂਹ ਹਵਨ ਕੁੰਡ ਦੇ ਚਾਰੇਂ ਪਾਸੇ ਸਫ਼ੈਦ ਦਾੜੀਆਂ ਵਾਲੇ ਸਾਧੂ ਬੈਠੇ ਅਗਨੀ ਵਿਚ ਘਿਉ ਦੀ ਅਹੂਤੀ ਪਾ ਰਹੇ ਸਨ ਇਹ ਉਹੀ ਦ੍ਰਿਸ਼ ਸੀ ਜਿਸਦੀ ਕਲਪਨਾ ਮੈਂ 'ਲੋਪਾਮਦਰਾ' ਨਾਮਕ ਉਪਨਿਆਸ ਵਿਚ ਅਗਸਤ ਮੁਨੀ ਦੇ ਵੈਦਿਕ ਆਸ਼ਰਮ ਬਾਰੇ ਕੀਤੀ ਸੀ। ਪਰ ਇਹ ਕਲਪਨਾ ਮੈਂ ਭੈਣੀ ਸਾਹਿਬ ਆ ਕੇ ਆਪਣੀਆਂ ਅੱਖਾਂ ਨਾਲ ਪ੍ਰਤੱਖ ਵੇਖੀ। ਮੈਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ ਕਿ ਵੀਹਵੀਂ ਸਦੀ ਵਿਚ ਏਡਾ ਸੁੰਦਰ ਸ਼ਾਂਤ ਵਿਸ਼ਰਾਮ ਸਥਾਨ ਪੰਜਾਬ ਵਿਚ ਵੀ ਹੋ ਸਕਦਾ ਹੈ। ਇਥੇ ਉਹ ਸ਼ਾਂਤੀ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਰਿਸ਼ੀ ਮੁਨੀ ਵੀ ਲੋਚਦੇ ਸਨ"।

ਇਸ ਪਵਿੱਤਰ ਨਗਰੀ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਬੰਧਿਤ ਰਾਮ ਮੰਦਿਰ, ਅਕਾਲ ਬੁੰਗਾ, ਸਦਾਵਰਤ (ਲੰਗਰ) ਅਤੇ ਰਾਮ ਸਰੋਵਰ ਪ੍ਰਸਿੱਧ ਅਸਥਾਨ ਹਨ ਗੱਦੀ ਸਾਹਿਬ ਵਾਲਾ ਚੌਬਾਰਾ, ਬਾਗਵਾਲੀ ਕੋਠੀ, ਹਰੀ ਮੰਦਰ ਗੁਰੂ ਹਰੀ ਸਿੰਘ ਜੀ ਦੀਆਂ ਪਰਮੁੱਖ ਯਾਦਗਾਰਾਂ ਹਨ ਸਤਿਗੁਰੂ ਪਰਤਾਪ ਸਿੰਘ ਜੀ ਦਾ ਪਰਕਾਸ਼-ਅਸਥਾਨ, ਗੋਲ ਮੰਦਰ, ਪਰਤਾਪ ਮੰਦਰ, ਤਪ ਅਸਥਾਨ, ਹਵਨ ਮੰਡਪ, ਅਖੰਡ ਵਰਨੀ ਆਦਿ ਉਹਨਾਂ ਦੀ ਯਾਦ ਵਿਚ ਪਵਿੱਤਰ ਸਥਾਨ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦਾ ਪਰਕਾਸ਼-ਸਥਾਨ, ਵਿਦਿਆਲਾ, ਤਪ-ਅਸਥਾਨ, ਅਖੰਡ-ਪਾਠ ਭਵਨ, ਬਿਰਧ ਸ਼ਾਲਾ, ਗਊ ਸ਼ਾਲਾ, ਸਪੋਰਟਸ ਅਕੈਡਮੀ, ਇਨਡੋਰ ਸਟੇਡੀਅਮ, ਸਤਿਗੁਰੂ ਪਰਤਾਪ ਸਿੰਘ ਅਕਾਦਮੀ ਅਤੇ ਸ੍ਰੀ ਭੈਣੀ ਸਾਹਿਬ ਦਾ ਸਮੁੱਚਾ ਨਵ ਨਿਰਮਾਣ, ਆਪ ਜੀ ਦੇ ਅਲੌਕਿਕ ਕਾਰਜਾਂ ਦਾ ਹਿੱਸਾ ਹੈ।

# ਸ਼ਹੀਦੀ ਸਾਕਾ ਅੰਮ੍ਰਿਤਸਰ (ਪੰਜਾਬ)



ਸ਼ਹੀਦੀ ੧੮੭੧ ਈ: ਅੰਮ੍ਰਿਤਸਰ, 'ਰਾਮਬਾਗ ਗੇਟ' ਨਾਲ ਬਾਗ ਨਾਮਧਾਰੀ ਸਿੰਘਾਂ ਦੀ ਸ਼ਹੀਦੀ

ਅੰਗ੍ਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰਨ ਬਾਅਦ 'ਪਾੜ ਤੇ ਰਾਜ ਕਰੋ' ਦੀ ਫੁੱਟ ਪਾਊ ਨੀਤੀ ਤਹਿਤ ਪੰਜਾਬ ਵਿਚ ਗਊਘਾਤ ਲਈ ਬੁੱਚੜ ਖਾਨੇ ਖੋਹਲਣ ਦੀ ਆਗਿਆ ਦਿੱਤੀ। ਯਾਦ ਰਹੇ ਬੁੱਚੜਖਾਨੇ ਮੁਸਲਮਾਨ ਨਹੀਂ ਅੰਗ੍ਰੇਜ਼ ਸਰਕਾਰ ਖੋਹਲ ਰਹੀ ਸੀ ਤਾਂ ਕਿ ਫਿਰਕੂ ਭੜਕਾਹਟ ਵਧੇ ਅਤੇ ਹਿੰਦੂ ਸਿੱਖ-ਮੁਸਲਮਾਨ ਇਕ ਜੁਟ ਹੋ ਕੇ ਉਸਦੇ ਰਾਜ ਲਈ ਖਤਰਾ ਨਾ ਬਣਨ। ਨਾਮਧਾਰੀ ਕਵੀ ਭਾਈ ਚੰਦਾ ਸਿੰਘ ਕਿੰਨਾ ਸਪਸ਼ਟ ਲਿਖਦਾ ਹੈ।

"ਇਹ ਮਲੇਸ਼ ਲੰਦਨੋਂ ਆਏ,
ਇਹਨਾਂ ਬੁੱਚੜਖਾਨੇ ਲਾਏ,
ਸਾਨੂੰ ਦੁੱਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੇ ਆਏ,
ਨਾਇ ਕਰਤਾਰ ਦੇ"

ਕਾਮਰੇਡ ਅਰਜਨ ਸਿੰਘ ਗੜਗੱਜ ਦਾ ਕਥਨ ਹੈ ਕਿ ਨਾਮਧਾਰੀ ਸਿੰਘਾਂ ਦਾ ਬੁੱਚੜਖਾਨਿਆਂ ਤੇ ਹਮਲਾ, ਮੁਸਲਮਾਨਾਂ ਤੇ ਹਮਲਾ ਨਹੀਂ, ਸਗੋਂ ਅੰਗ੍ਰੇਜ਼ ਸਰਕਾਰ ਦੁਆਰਾ ਫਿਰਕਾ-ਪ੍ਰਸਤੀ ਫੈਲਾਉਣ ਲਈ ਖੋਹਲੇ ਅੱਡਿਆਂ ਤੇ ਹਮਲਾ ਸੀ। ਗੁਰ-ਧਾਮ ਅੰਮ੍ਰਿਤਸਰ ਦੀ ਪਵਿੱਤਰਤਾ ਬਹਾਲ ਕਰਨ ਲਈ ਇੱਥੇ ਖੋਹਲੇ ਬੁੱਚੜਖਾਨੇ ਤੇ, ੧੦ ਨਾਮਧਾਰੀ ਸਿੰਘਾਂ ਨੇ ੧੪-੧੫ ਜੂਨ ੧੮੭੧ ਦੀ ਅੱਧੀ ਰਾਤ ਨੂੰ ਹਮਲਾ ਕਰਕੇ ਮਾਰ ਕਾਟ ਕਰਕੇ ਗਊਆਂ ਛੁਡਾ ਦਿੱਤੀਆਂ। ਹੋਰ ਲੋਕ ਪੁਲੀਸ ਦੀ ਸਖਤੀ ਕਾਰਨ ਐਵੇਂ ਇਕਬਾਲੀ ਹੋ ਗਏ। ਜਦੋਂ ਉਹਨਾਂ ਨੂੰ ਫਾਂਸੀ ਲਾਉਣ ਦੀ ਤਿਆਰੀ ਸੀ ਤਾਂ ਸਤਿਗੁਰੂ

ਰਾਮ ਸਿੰਘ ਜੀ ਦੀ ਪ੍ਰੇਰਣਾ ਨਾਲ ਨਾਮਧਾਰੀ ਸਿੰਘ ਸੈਸ਼ਨ ਦੀ ਕਚਹਿਰੀ ਵਿਚ ਪੇਸ਼ ਹੋ ਕੇ ਨਾਂ ਸਿਰਫ ਇਕਬਾਲ ਕਰਦੇ ਹਨ ਸਗੋਂ ਲਹੂ ਲਿਬੜੀਆਂ ਤਲਵਾਰਾਂ ਵੀ ਪੇਸ਼ ਕਰਦੇ ਹਨ। ਝੱਟ-ਪੱਟ ਮੁਕੱਦਮਾ ਚਲਾ ਕੇ ੪ ਸਿੰਘਾਂ ਨੂੰ ਫਾਂਸੀ ਤੇ ਕੁਝਨਾਂ ਨੂੰ ਕਾਲੇ ਪਾਣੀ ਦੀਆਂ ਸਜਾਵਾਂ ਸੁਣਾਈਆਂ ਗਈਆਂ। ੧੫ ਸਿਤੰਬਰ ੧੮੭੧ ਨੂੰ ਰਾਮਬਾਗ ਬੋਹੜ ਨਾਲ ਸ਼ਰੇਆਮ ਫਾਂਸੀ ਦਾ ਦ੍ਰਿਸ਼ ਵੇਖਿਆ ਗਿਆ ਜਦੋਂ ਸਿੰਘਾਂ ਨੇ ਆਪਣੇ ਹੱਥੀਂ ਰੱਸੇ ਗਲਾਂ ਵਿਚ ਪਾਏ ਤੇ ਝੂਲ ਗਏ। ਇਹ ਚਾਰ ਸਿੰਘ ਸਨ -ਭਾਈ ਲਹਿਣਾ ਸਿੰਘ 'ਪੰਨਵ' ਅੰਮ੍ਰਿਤਸਰ, ਫਤੇਹ ਸਿੰਘ ਭਾਟੜਾ ਸ਼ਹਿਰ ਅੰਮ੍ਰਿਤਸਰ , ਬੀਹਲਾ ਸਿੰਘ ਨਾਰਲੀ ਅਤੇ ਹਾਕਮ ਸਿੰਘ ਮੌੜੋ ਜੋ ਪਟਵਾਰੀ ਸੀ ਦੋ ਸਾਲ ਬਾਅਦ ਅਗਸਤ ੧੮੭੩ ਵਿਚ ਝੰਡਾ ਸਿੰਘ ਠੱਟਾ ਪਕੜ ਕੇ ਫਾਹੇ ਲਾਇਆ ਗਿਆ। ਸਿਪਾਹੀ ਲਾਲ ਸਿੰਘ ਤੇ ਇਕ ਹੋਰ ਭਾਈ ਲਹਿਣਾ ਸਿੰਘ ਨੂੰ ਕਾਲੇ ਪਾਣੀ ਭੇਜਿਆ ਗਿਆ। ਤਿੰਨ ਸਿੰਘ ਇਸ ਸਾਕੇ ਦੇ ਮਫਰੂਰ ਸਨ ਲਛਮਣ ਸਿੰਘ ਚਾਹਲ, ਮਿਹਰ ਸਿੰਘ ਲੋਪੋਕੇ ਅਤੇ ਭਗਵਾਨ ਸਿੰਘ ਅੜਬੰਗੀ ਪਟਵਾਰੀ ਹਾਕਮ ਸਿੰਘ ਦੀ ਅਦੁੱਤੀ ਸ਼ਹੀਦੀ ਕੈਸੀ ਸੀ:-

"ਹਾਕਮ ਸਿੰਘ ਦੀ ਇਸਤਰੀ ਸੋਹਰਿਆਂ ਦੀ,
ਸੀ ਉਹ ਪਦਮਣੀ ਨਸਲ ਦੀ ਨਾਰ ਸੋਹਣੀ
ਲੈ ਕੇ ਆਇਆ ਦਰੋਜ਼ਾ ਥਾ ਰੱਜ ਓਸੇ,
ਵੇਖੀ ਨਾਰ ਘਰ ਦੀ ਪਹਿਲੇ ਵਾਰ ਸੋਹਣੀ
ਪਤੀ ਨਾਰ ਦੋਵੇਂ ਖੁਸ਼ੀ ਹ ਰਹੇ ਸੀ,
ਕਿਸੇ ਆਣ ਦਿੱਤੀ ਹਾਕ ਮਾਰ ਸੋਹਣੀ।
ਵੇਲਾ ਅੱਜ ਸ਼ਹੀਦੀਆਂ ਪਾਉਣ ਦਾ ਹੈ,
ਪੂਰੀ ਕਰੋ ਜੋ ਕੀਨੀ ਇਕਰਾਰ ਸੋਹਣੀ।
ਏਧਰ ਨਾਰ ਘਰ ਦੀ ਓਧਰ ਮੌਤ ਲਾੜੀ,
ਦੋਹਾਂ ਵਿਚ ਹੋ ਗਈ ਤਕਰਾਰ ਸੋਹਣੀ।
ਹਾਕਮ ਸਿੰਘ ਵੇਖੇ ਕਿਹੜੀ ਨਾਰ ਵਰਦੈ,
ਏਸ ਗੱਲ ਤੇ ਹੋਈ ਵਿਚਾਰ ਸੋਹਣੀ।
ਘਰ ਦੀ ਪਦਮਣੀ ਨਾਰ ਨੂੰ ਛੱਡ ਕਰਕੇ,
ਕਰੀ ਮੌਤ ਲਾੜੀ ਸਵੀਕਾਰ ਸੋਹਣੀ।
ਮਸ਼ਹੂਰ ਇਹ ਮਿਸਲ ਹਰਨਾਮ ਸਿੰਘਾ,
ਕਾਇਮ ਰਹੂਗੀ ਵਿਚ ਸੰਸਾਰ ਸੋਹਣੀ।"

-ਭਾਈ ਹਰਨਾਮ ਸਿੰਘ ਬਗੂਲੀ ਵਾਲਾ ਦਾ ਕਿੱਸਾ 'ਸੰਤ ਖਾਲਸਾ'

ਭਾਈ ਮਿਹਰ ਸਿੰਘ ਲੋਪੋਕੇ ਨੇ ਆਪਣਾ ਨਾਂ ਸੰਤਾ ਸਿੰਘ ਰੱਖ ਲਿਆ ਅਤੇ ਮਫਰੂਰੀ ਦੀ ਹਾਲਤ ਵਿਚ ਹੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ, ਭਗਵਾਨ ਸਿੰਘ ਅੜਬੰਗੀ ਜਿਉਂ, ੧੯੧੨ ਈ ਵਿਚ ਪੂਰਾ ਹੋ ਗਿਆ

# ਸ਼ਹੀਦੀ ਸਾਕਾ ਰਾਇਕੋਟ (ਪੰਜਾਬ)



੫ ਅਗਸਤ ੧੮੭੧ ਈ: ਤਿੰਨ ਨਾਮਧਾਰੀ ਸਿੰਘਾਂ ਦੀ ਸ਼ਹੀਦੀ



ਰਾਇਕੋਟ ਵਿਖੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ ਨਜ਼ਦੀਕ ਅੰਗਰੇਜ਼ੀ ਸਰਕਾਰ ਨੇ ਬੁਚੜਖਾਨਾ ਖੁਲਵਾ ਦਿੱਤਾ ਸੀ। ਅੰਮ੍ਰਿਤਸਰ ਦੇ ਬੁੱਚੜਖਾਨੇ ਉੱਤੇ ਹਮਲੇ ਤੋਂ ਪੂਰਾ ਇਕ ਮਹੀਨਾ ਬਾਅਦ, ੧੫ ਜੁਲਾਈ ੧੮੭੧ ਦੀ ਰਾਤ ਨੂੰ ਰਾਇਕੋਟ ਦੇ ਬੁੱਚੜਖਾਨੇ ਤੇ ਨਾਮਧਾਰੀ ਸਿੰਘਾਂ ਨੇ ਹਮਲਾ ਕਰਕੇ ਗਊ ਘਾਤੀਆਂ ਦਾ ਸਫਾਇਆ ਕੀਤਾ। ਇਸ ਘਟਨਾ ਵਿਚ ਨਾਭਾ ਤੇ ਪਟਿਆਲਾ ਰਿਆਸਤਾਂ ਦੀ ਮਦੱਦ ਨਾਲ ਪਕੜੇ ਗਏ ਨਾਮਧਾਰੀ ਸਿੰਘਾਂ ਤੇ ਬੱਸੀਆਂ ਦੀ ਕੋਠੀ ਵਿਚ ਮੁੱਕਦਮਾ ਚੱਲਿਆ। ਸਰਕਾਰ ਨੇ ਇਕ ਮੁਜਰਿਮ ਗੁਲਾਬ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਨਾਉਣ ਤੋਂ ਬਾਅਦ ਵੀ ਉਸਨੂੰ ਇਸ ਸ਼ਰਤ ਤੇ ਵਾਅਦਾ ਮੁਆਫ ਬਣਾਕੇ ਛੱਡਣ ਦਾ ਇਕਰਾਰ ਕੀਤਾ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ, ਅੰਮ੍ਰਿਤਸਰ ਅਤੇ ਰਾਇਕੋਟ ਦੇ ਹਮਲਿਆਂ ਲਈ ਸਿੰਘਾਂ ਨੂੰ ਹੁਕਮ ਦੇਣ ਦਾ ਸਿੱਧੇ ਤੌਰ ਤੇ ਜ਼ਿੰਮੇਵਾਰ ਠਹਿਰਾਏ। ਇਸ ਲਈ ੨੮ ਜੁਲਾਈ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਬੱਸੀਆਂ ਕੋਠੀ ਵਿਖੇ ਬੁਲਾਇਆ ਗਿਆ ਜਿਥੇ ਆਪ ਨੇ ਕਮਿਸ਼ਨਰ ਫੋਰਸਾਇਥ ਦੇ ਸਾਹਮਣੇ ਗੁਲਾਬ ਸਿਘ ਦੇ ਝੂਠ ਦੇ ਬਖੀਏ ਉਧੇੜੇ। ਸਰਕਾਰ ਨੇ ਤਿੰਨ ਸਿੰਘਾਂ ਨੂੰ ਮ੍ਰਿਤੂ ਦੰਡ ਦੀ ਸਜ਼ਾ ਸੁਣਾ ਦਿੱਤੀ। ੫ ਅਗਸਤ ੧੮੭੧ ਨੂੰ ਪਿੰਡੋ ਦੇ ਤਿਨਾਂ ਸਿੰਘਾਂ, ਗੁਰਮੁਖ ਸਿਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਨੂੰ ਸਰਕਾਰੀ ਅਫਸਰਾਂ ਦੀ ਹਾਜ਼ਰੀ ਵਿਚ ਬੱਸੀਆਂ ਦੀ ਕੋਠੀ ਵਿਖੇ ਹੀ ਫਾਂਸੀਆਂ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਸਿੰਘਾਂ ਨੇ ਵੀ ਆਪਣੀ ਰਵਾਇਤ ਮੁਤਾਬਿਕ ਆਪ ਹੀ ਰੱਸੇ ਗਲਾਂ ਵਿਚ ਪਾਏ ਸਨ। ਇਹ ਸਿੰਘ ਸੂਬਾ ਹੁਕਮਾ ਸਿੰਘ ਜੀ ਪਿੰਡੋ ਵਾਲਿਆ ਦੇ ਨਿਕਟ ਸਬੰਧੀ ਸਨ। ਹੁਣ ਇਥੇ ਚਾਰ ਕੁ ਏਕੜ ਵਿਚ ਸ਼ਹੀਦੀ ਸਮਾਰਕ ਬਣਨਾ ਸ਼ੁਰੂ ਹੋ ਗਿਆ ਹੈ। ਇਕ ਰਵਾਇਤ ਮੁਤਾਬਿਕ, ਕੂਕਿਆਂ ਦੀ ਫਾਹੀ ਦੇ ਨਾਂ ਨਾਲ ਜਾਣੇ ਜਾਂਦੇ ਸਥਾਨ ਤੇ, ਜਿੱਥੇ ਹੁਣ ਸ਼ਹਿਰ ਰਾਇਕੋਟ ਵਿਚ ਸਮਾਰਕ ਬਣਿਆ ਹੈ, ਇਹਨਾਂ ਸਿੰਘਾਂ ਨੂੰ ਫਾਂਸੀ ਦਿੱਤੀ ਗਈ ਸੀ।

# ਸ਼ਹੀਦੀ ਸਾਕਾ ਲੁਧਿਆਣਾ (ਪੰਜਾਬ)



੨੬ ਨਵੰਬਰ ੧੮੭੧ ਈ ਲੁਧਿਆਣਾ ਦੇ ਨਾਮਧਾਰੀ ਸਿੰਘਾਂ ਦੀ ਸ਼ਹੀਦੀ



ਸੈਂਟਰਲ ਜੇਲ੍ਹ ਲੁਧਿਆਣਾ

ਰਾਇਕੋਟ ਬੁਚੜਖ਼ਾਨੇ ਵਾਲੇ ਸਾਕੇ ਵਿਚ ਇਸ ਕੰਮ ਲਈ ਸਾਜ਼ਿਸ਼ ਘੜਨ ਦਾ ਦੋਸ਼, ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ (ਬਠਿੰਡਾ) ਅਤੇ ਨਾਇਬ ਸੂਬਾ ਰਤਨ ਸਿੰਘ ਨਾਈਵਾਲਾ ਤੇ ਲਾ ਕੇ, ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰਕੇ ਮੁਕੱਦਮਾ ਚਲਾਇਆ ਗਿਆ। ੩੫ ਸਾਲਾਂ ਦੇ ਸੂਬਾ ਰਤਨ ਸਿੰਘ ਜਾਂ ਗਿਆਨਾ ਸਿੰਘ, ਸਤਿਗੁਰੂ ਜੀ ਵੱਲੋਂ ਸੰਗਤਾਂ ਦੇ ਆਪਸੀ ਮਸਲੇ ਸੁਲਝਾਉਣ ਲਈ, ਅਦਾਲਤੀ ਸੂਬਾ ਥਾਪੇ ਗਏ ਸਨ। ਦੂਜਾ ਸੂਬਾ ੨੮ ਸਾਲ ਦਾ ਸੀ। ਗਿਆਨਾ ਸਿੰਘ ਦੀ ਯੋਗਤਾ, ਵਿੱਦਵਤਾ ਅਤੇ ਪੰਥਕ ਕੰਮਾਂ ਲਈ ਉਤਸ਼ਾਹ ਬੇਮਿਸਾਲ ਸੀ। ਉਹ ਪਟਿਆਲਾ ਰਾਜ ਵਿਚ ਵੀ ਆਪਣੀਆਂ ਸਰਗਰਮੀਆਂ ਕਾਰਨ ਦੋ ਵਰ੍ਹੇ ਕੈਦ ਕੱਟ ਚੁੱਕਾ ਸੀ। ਮੇਕਨੇਬ ਸ਼ੈਸ਼ਨ ਜੱਜ ਨੇ ਦੋਹਾਂ ਸੂਬਿਆਂ ਨੂੰ ੨੬ ਅਕਤੂਬਰ ਨੂੰ ਮ੍ਰਿਤੂ ਦੰਡ ਸੁਣਾਇਆ। ਕੇਸ ਕਨਫਰਮੇਸ਼ਨ ਲਈ ਲਾਹੌਰ ਚੀਫ ਕੋਰਟ ਵਿਚ ਪੁੱਜਾ। ਤਿੰਨ ਅੰਗ੍ਰੇਜ਼ ਜੱਜਾਂ ਵਿਚੋਂ ਇਕ ਬੋਲੀਨੀਸ ਨੇ ਅਗਵਾਹੀਆਂ ਨੂੰ ਨਾ ਤਸੱਲੀ ਬਖਸ਼ ਦੱਸਦਿਆਂ ਫਾਂਸੀ ਦੀ ਬਜਾਏ ਕਾਲੇ ਪਾਣੀ ਦੀ ਸਜ਼ਾ ਤਜ਼ਵੀਜ਼ ਕੀਤੀ। ਪਰ ਦੂਜੇ ਦੋਵੇਂ ਜੱਜ ਸੀ ਕੈਂਪ ਬੈਲ ਤੇ ਸੀ ਆਰ ਲਿੰਡਸੇ ਸਜ਼ਾ-ਇ ਮੌਤ ਦਿੱਤੇ ਜਾਣ ਤੇ ਬਜਿੱਦ ਰਹੇ। ਗੁਰੂ ਕੇ ਦੋਵੇਂ ਲਾਲ ਲੁਧਿਆਣੇ ਜੇਲ੍ਹ ਦੇ ਬਾਹਰ ੨੬ ਨਵੰਬਰ ੧੮੭੧ ਨੂੰ ਆਪਣੇ ਹੱਥੀ ਮੌਤ ਦੇ ਰੱਸੇ ਗਲਾਂ ਵਿਚ ਪਾ ਕੇ ਫਾਂਸੀਆਂ ਤੇ ਝੂਲ ਗਏ। ਸ਼ਹੀਦ ਹੋਣ ਤੋਂ ਪਹਿਲਾਂ ਗਿਆਨਾ ਸਿੰਘ ਨੇ ਹਾਕਮਾਂ ਨੂੰ ਵੰਗਾਰਦਿਆਂ ਕਿਹਾ -

"ਬਿਲਿਆ ਕੰਡ ਦਿਖਾਇ ਕਿਉਂ ਖਲੋਤਾ ਹੈਂ। ਸਨਮੁਖ ਹੋ ਕੇ ਖੜੋ। ਦਸ ਮਹੀਨੇ ਫਿਰ ਕਿਸੇ ਜੱਟੀ ਦੀ ਕੁੱਖ ਵਿਚ ਕੱਟ ਕੇ ਆਏ ਜਾਣ। ਸੁਣ ਓ ਬਿੱਲਿਆ ਤੇਰੀ ਮੌਤ ਥੋੜ੍ਹੀ ਹੈ। ਬੇਨਿਆਈ ਹੋਣ ਲੱਗੀ ਹੈ। ਸਾਨੂੰ ਮਾਰਕੇ ਕੋਈ ਬੰਦ ਤਾਂ ਨਹੀ ਹੋ ਜਾਣੇ -ਕੋਈ ਮਾਉਂ ਜਣੇਗੀ। ਨਵੇਂ ਚੋਲੇ ਪਹਿਨ ਕੇ ਗੱਭਰੂ ਹੋ ਕੇ ਆਵਾਂਗੇ। ਫਿਰ ਸ੍ਰੀ ਸਾਹਿਬ ਪਕੜਾਂਗੇ ਤੇ ਤੁਹਾਡਾ ਤਹਿਤ ਉਠਾਵਾਂਗੇ।"

"ਸਤਿਗੁਰੂ ਬਿਲਾਸ" -'ਭਾਈ ਸੰਤੋਖ ਸਿੰਘ ਬਾਹੋਵਾਲ'

ਇਸ ਜਗ੍ਹਾ ਤੇ ਹੁਣ ਨਾਮਧਾਰੀ ਸ਼ਹੀਦੀ ਸਮਾਰਕ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ, ਸਥਾਪਿਤ ਹੋ ਚੁੱਕਾ ਹੈ, ਜਿੱਥੇ ਨਾਮਧਾਰੀ ਸੰਗਤ ਜੁੜ ਕੇ ਸ਼ਹੀਦਾਂ ਦੀ ਯਾਦ ਵਿਚ ਭਜਨ ਬੰਦਗੀ ਕਰਦੀ ਹੈ, ਦੀਵਾਨ ਸੱਜਦੇ ਹਨ।

# ਸ਼ਹੀਦੀ ਸਾਕਾ ਮਲੇਰਕੋਟਲਾ (ਪੰਜਾਬ)



੧੭-੧੮ ਜਨਵਰੀ ੧੮੭੨ ਈ. ੬੬ ਨਾਮਧਾਰੀ ਸਿੰਘਾਂ ਦੀ ਸ਼ਹੀਦੀ ਦਾ ਦ੍ਰਿਸ਼



ਮਾਡਲ ਸ਼ਹੀਦੀ ਸਮਾਰਕ ਮਲੇਰਕੋਟਲਾ

ਇਤਿਹਾਸਕਾਰ ਡਾ. ਫੌਜਾ ਸਿੰਘ ਬਾਜਵਾ ਦੇ ਅਨੁਸਾਰ, ਅੰਮ੍ਰਿਤਸਰ ਅਤੇ ਰਾਇਕੋਟ ਵਿਚ ਅੱਧੀ ਰਾਤ ਦੇ ਸਮੇਂ, ਗਊ ਘਾਤੀਆਂ ਨੂੰ ਸੋਧਣ ਬਾਅਦ ਹੁਣ ਕੂਕੇ ਸਿੰਘਾਂ ਨੇ ਚਿੱਟੇ ਦਿਨ ਦੇ ਚਾਨਣ ਵਿਚ ਮਲੇਰਕੋਟਲਾ ਵਿਚ ਗਊਆਂ ਕਤਲ ਕਰਨ ਵਾਲਿਆਂ ਨਾਲ ਦੋ ਦੋ ਹੱਥ ਕੀਤੇ। ਪਹਿਲੇ ਸਾਕਿਆਂ ਵਿਚ ਹਮਲਾ ਕਰਨ ਵਾਲੇ ਸਿੰਘਾਂ ਦੀ ਗਿਣਤੀ ਇਕ ਦਰਜਨ ਜਾਂ ਇਸ ਤੋਂ ਵੀ ਘੱਟ ਸੀ। ਇਸ ਸਾਕੇ ਵਿਚ ਸ੍ਰੀ ਭੈਣੀ ਸਾਹਿਬ ਤੋਂ ਚੱਲਣ ਸਮੇਂ ਗਿਣਤੀ ੧੪੦ ਸੀ। ੧੩ ਜਨਵਰੀ ਨੂੰ ਪਿਛਲੇ ਪਹਿਰ ਮਸਤਾਨਾ ਦਲ ਭੈਣੀ ਸਾਹਿਬ ਤੋਂ ਚੱਲਿਆ ਸੀ. ਜਦੋਂ ਸਤਿਗੁਰੂ ਜੀ ਨੇ ਪਰਮੁੱਖ ਸੂਬਿਆਂ ਸਮੇਤ, ਭਾਈ ਹੀਰਾ ਸਿੰਘ ਲਹਿਣਾ ਸਿੰਘ (ਸਕਰੌਦੀ ਰਿਆਸਤ ਪਟਿਆਲਾ) ਦੋਹਾਂ ਜਥੇਦਾਰਾਂ ਨੂੰ ਕੱਚੇ ਛਤ ਨਾਂ ਛੇੜਨ ਅਤੇ ਪਨੀਰੀ ਫੋਟੀ ਹੋਣ ਜਿਹੀਆਂ ਮਿਸਾਲਾਂ ਦਿੱਤੀਆਂ ਤਾਂ ਸਤਿਗੁਰੂ ਜੀ ਦੇ ਇਹ ਪੁੱਛਣ ਤੇ ਕਿ ਕਿਸ ਦੇ ਹੁਕਮ ਨਾਲ ਤੁਸੀਂ ਕੋਟਲੇ ਤੇ ਹਮਲਾ ਕਰਨਾ ਹੈ. ਹੀਰਾ ਸਿੰਘ ਨੇ ਕਿਹਾ ਕਿ ਸਾਨੂੰ ਗੁਰੂ ਤੇਗ਼ ਬਹਾਦੁਰ ਸਾਹਿਬ ਦਾ ਹੁਕਮ ਹੈ, ਧਰਮ ਹਿਤ ਸੀਸ ਦਿਉ. ਇਸ ਤੇ ਸਤਿਗੁਰੂ ਜੀ ਜੋ ਪਹਿਲਾਂ ਕਹਿੰਦੇ ਸਨ 'ਇਕ ਬਨੇ ਫਰੰਗੀ ਹੈ, ਇਕ ਬੰਨੇ ਖਾਲਸਾ. ਮੈਂ ਗਰੀਬ ਦੋਹਾਂ ਦੇ ਵਿਚਾਲ ਆ ਗਿਆ ਹਾਂ।'' ਹੁਣ ਫੁਰਮਾਉਂਦੇ ਹਨ, ''ਗੁਰੂ ਸਾਹਿਬ ਦਾ ਹੁਕਮ ਮੈਂ ਵੀ ਨਹੀਂ ਮੋੜ ਸਕਦਾ। ਫਰੰਗੀ ਦੀ ਤਾਂ ਝੱਲ ਲਵਾਂਗੇ। ਅਕਾਲ ਪੁਰਖ ਕੀ ਨਹੀਂ ਝੱਲੀ ਜਾਣੀ। ''ਹੱਥੀਂ ਲੰਗਰ ਛਕਾ ਕੇ ਸਤਿਗੁਰੂ ਜੀ ਨੇ ਮਸਤਾਨੇ ਵਿਦਾ ਕੀਤੇ. ਇਸ ਤੋਂ ਪਹਿਲਾਂ ੧੪ ਜਨਵਰੀ ਸ਼ਾਮ ਦੇ ਘੁਸਮੁਸੇ ਵਿਚ ਮਹਾਰਾਜਾ ਪਟਿਆਲਾ ਦੇ ਸਿੱਧੂ ਭਾਈਚਾਰੇ ਨਾਲ ਸਬੰਧਿਤ ਸ. ਬਦਨ ਸਿੰਘ ਪੁੱਤਰ ਸ. ਮਿੱਤ ਸਿੰਘ ਮਲੌਦ ਤੇ ਹਮਲਾ ਕਰਕੇ ਉਸ ਦੇ ਦੋ ਨੌਕਰ ਮਾਰੇ. ਕਝ ਫੱਟੜ ਕੀਤੇ। ਘੋੜੇ ਤੇ ਸ਼ਸਤਰ ਪਰਾਪਤ ਕੀਤੇ। ਭਾਈ ਅਤਰ ਸਿੰਘ ਅਤੇ ਨੰਦ ਸਿੰਘ ਹੰਡਿਆਇਆ, ਇੱਥੇ ਝੜਪ ਵਿਚ ਸ਼ਹੀਦ ਹੋ ਗਏ. ਮਲੌਦ ਦੀ ਘਟਨਾ ਬਾਅਦ ਮਲੇਰ ਕੋਟਲੇ ੧੫ ਜਨਵਰੀ ੧੮੭੨ ਈ. ਦੇ ਤੜਕ ਜਿਹੇ ੧੨੦ ਸਿੰਘਾਂ ਨੇ ਹਮਲੇ ਵਿਚ ਹਿੱਸਾ ਲਿਆ. ਗੁੱਸਾ ਮਸਤਾਨਿਆਂ ਨੂੰ ਮਲੇਰਕੋਟਲੇ ਹੁੰਦੇ ਗਊਘਾਤ ਦਾ ਵੀ ਸੀ ਅਤੇ ਗੁੱਸਾ ਬਦੇਸ਼ੇ ਸੂਬਾ ਗਿਆਨੀ ਰਤਨ ਸਿੰਘ ਮਛੀ ਕਲਾਂ ਅਤੇ ਛੋਟੇ ਰਤਨ ਸਿੰਘ ਨੂੰ ਲੁਧਿਆਣੇ ਫਾਂਸੀ ਲਾਕੇ ਸ਼ਹੀਦ ਕਰਨ ਦਾ ਵੀ ਸੀ। ਸੂਬਾ ਰਤਨ ਸਿੰਘ ਨੂੰ ਗਿਆਨਾ ਸਿੰਘ ਜਾਂ ਗਿਆਨੀ ਵੀ ਕਹਿੰਦੇ ਸਨ। ਮਲੇਰਕੋਟਲੇ ਦੇ ਸਾਕੇ ਦੀ ਪਿਠ ਭੂਮੀ ਵਿਚ ਗਿਆਨੀ ਸਿੰਘ ਵਾਲੀ ਘਟਨਾ ਵੱਲ ਇਸ਼ਾਰਾ ਸਾਡਾ ਪਹਿਲਾ ਕੂਕਾ ਕਵੀ ਭਾਈ ਰੂੜਾ ਸਿੰਘ ਆਪਣੇ ਬਾਰਾਂ ਮਾਂਹ ਵਿਚ ਵੀ ਕਰਦਾ ਹੈ, ਕਿਉਂਕਿ ਗਿਆਨੀ ਸਿੰਘ ਅਵਿਵਾਹਿਤ ਸੀ, ਮਸਤਾਨੇ ਮਾਨੋ ਉਹਦੀ ਜੰਞ ਚੜ੍ਹ ਰਹੇ ਹਨ

''ਸਿੰਘ ਕਰਦੇ ਜ਼ੋਰ ਧਿਆਣਾ, ਕਹਿੰਦੇ ਮਲੇਰ ਕੋਟਲੇ ਧਾਣਾ
ਬਦਲਾ ਲੈਣਾ ਪਾਸ ਪਠਾਣਾਂ, ਜੰਞੇ ਗਿਆਨ ਸਿੰਘ ਦੀ ਜਾਣਾ
ਇਹ ਮਨ ਵਿਚਾਰਦੇ''

ਗਹਿ ਗੱਚ ਲੜਾਈ ਵਿਚ ਮਲੇਰ ਕੋਟਲੇ ਵਾਲੇ ਸੱਤ ਅਤੇ ਸਿੰਘ ਅੱਠ ਸ਼ਹੀਦ ਹੋਏ। ੨੮ ਦੇ ਕਰੀਬ ਸਿੰਘ ਫੱਟੜ ਹੋਏ. ਕਈ ਬਹੁਤ ਜ਼ਿਆਦਾ ਜ਼ਖਮੀ ਹੋਏ। ਸਿੰਘਾਂ ਪਾਸ

ਟਕੂਏ ਜਾਂ ਸਲੰਤਰ ਹੀ ਸਨ ਸਰਦਾਰ ਮਲੇਰ ਵਾਲੀਆਂ ਬੰਦੂਕਾਂ ਨੇ ਕੰਮ ਨਾ ਦਿਤਾ। ਦੂਜੇ ਫੌਜ ਪੁਲੀਸ ਰਾਤ ਦੀ ਡੀ ਸੀ ਲੁਧਿਆਣਾ ਕਾਵਨ ਦੀ ਹਦਾਇਤ ਤੇ, ਸ਼ਹਿਰ ਦੀਆਂ ਫਸੀਲਾਂ ਨਾਲ ਤਿਆਰ ਖੜੀ ਸੀ। ਫਿਰ ਵੀ ਸਿੰਘਾਂ ਨੇ ਪੁਲਿਸ/ ਸੈਨਾ ਦਾ ਬੀਰਤਾ ਨਾਲ ਟਾਕਰਾ ਕੀਤਾ। ਭਾਈ ਨਾਹਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਵੀ ਸਿੰਘ ਪਿੱਛੇ ਮੁੜਕੇ ਕੋਟਲੇ ਦੀ ਸੈਨਾ ਨੂੰ ਲਲਕਾਰੇ ਮਾਰਦੇ ਤਾਂ ਉਹ ਬਹੁਤ ਦੂਰ ਪਿੱਛੇ ਭੱਜ ਜਾਂਦੀ, ਪਹਿਲਾਂ ਬੰਦੂਕ ਦਾ ਬੇਹੜ ਆਉਂਦਾ ਹੈ। ਇੱਥੇ ਪਠਾਣ ਸਮੁੰਦ ਖਾਂ ਨਾਲ ਦੂੰਦ ਯੁੱਧ ਵਿਚ ਹੀਰਾ ਸਿੰਘ ਨੇ ਉਸ ਦਾ ਸਿਰ ਕੱਟ ਦਿੱਤਾ। ਰੜ ਪਿੰਡ ਦੇ ਬੇਹ ਤੇ ਸਿੰਘਾਂ ਨੇ ਕਮਰ ਕੱਸੇ ਖੋਹਲੇ ਜ਼ਖ਼ਮੀਆਂ ਨੇ ਫੱਟ ਤਲੇ, ਬੰਧੇ। ਰੜ ਭਾਈ ਹੀਰਾ ਸਿੰਘ ਦੇ ਨਾਨਕਿਆਂ ਦਾ ਅਤੇ ਬਾਲ ਸ਼ਹੀਦ ਭਾਈ ਬਿਸ਼ਨ ਸਿੰਘ ਦਾ ਪਿੰਡ ਸੀ। ਕਿਉਂਕਿ ਹੁਣ ਉਹਨਾਂ ਨੂੰ ਸ਼ਹੀਦੀਆਂ ਵਰਨ ਦਾ ਚਾਉ ਸੀ, ਰੜ ਪਿੰਡ ਪੁੱਜੇ, ਸੇਰਪੁਰ ਦੇ ਥਾਣੇਦਾਰ ਨਾਲ ਸਿੰਘ ਥਾਣੇ ਵਿਚ ਅਪੜ ਗਏ ਅਤੇ ੧੫ ੧੬ ਦੀਆਂ ਦੋ ਰਾਤਾਂ ਉਥੇ ਕੱਟੀਆਂ। ਚਾਰ ਚੁਫੇਰੇ ਤਾਰਾਂ ਖੜਕ ਗਈਆਂ ਕਿ ਕੂਕਿਆਂ ਨੇ ਬਗਾਵਤ ਕਰ ਦਿੱਤੀ ਹੈ ਬੁੱਚੜ ਖਾਨਿਆਂ ਤੇ ਹਮਲੇ ਨੂੰ ਸਰਕਾਰ ਨੇ ਆਪਣੀ ਸੱਤਾ ਦੀ ਸਿੱਧੀ ਨਾਬਰੀ ਸਮਝਿਆ। ੧੭ ਜਨਵਰੀ ਦੀ ਸ਼ਾਮ ਨੂੰ ਮਲੇਰ ਕੋਟਲੇ ਦੇ ਰੱਕੜ ਵਿਚ ਸਿਖ ਰਿਆਸਤਾਂ ਦੀਆਂ ਫੌਜਾਂ ਅਤੇ ਤੁਪਾਂ ਲੈ ਕੇ ਡੀ ਸੀ ਕਾਵਨ ਜੋ ਇਸ ਰਿਆਸਤ ਦਾ ਨਵਾਬ ਨਾਬਾਲਿਗ ਹੋਣ ਕਾਰਨ ਇੰਚਾਰਜ ਸੀ, ਪੁੱਜ ਗਿਆ। ਖੂਨ ਉਸ ਦੇ ਸਿਰ ਤੇ ਸਵਾਰ ਸੀ। ਲੁਧਿਆਣੇ ਦਾ ਪੁਲਿਸ ਕਪਤਾਨ ਪਾਰਕਿੰਨਜ਼ ਵੀ ਮੌਕੇ ਤੇ ਹਾਜਰ ਸੀ। ਜਿਉਂ ਹੀ ਮਸਤਾਨਾ ਦਲ ਦੇ ਸਿੰਘਾਂ ਨੇ ਡੀ. ਸੀ ਕਾਵਨ ਅਤੇ ਆਪਣੀ ਸ਼ਹਾਦਤ ਲਈ ਰੱਕੜ ਵਿਚ ਬੀੜੀਆਂ ਆਦਮਖੋਰ ਤੋਪਾਂ ਨੂੰ ਵੇਖਿਆ ਤਾਂ ਉਹਨਾਂ ਦੀ ਚੜ੍ਹਦੀ ਕਲਾ ਦਾ ਵੇਰਵਾ ਬਗਲੀ ਵਾਲੇ ਦੀ ਕਲਮ ਇਉਂ ਬਿਆਨ ਕਰਦੀ ਹੈ

> "ਹਾਥੀ ਮਸਤ ਜਿਉਂ ਮਸਤ ਮਸਤਾਨੜੇ ਥੇ, ਬਹੁਤ ਖੂਬਸੂਰਤ ਉਚੇ ਜੁਆਨ ਸੋਹਣੇ
> ਸਾਹਬ ਦੇਖਦੇ ਸਾਰ ਪੈ ਗਿਆ ਰੌਲਾ, ਬੋਹੜਾਂ ਮਾਰਦੇ ਸਿੰਘ ਬਲਵਾਨ ਸੋਹਣੇ।
> ਭਾਰੇ ਬਹੁਤ ਨਾਹਰੇ ਮਾਰੇ ਖਾਲਸੇ ਨੇ, ਉਠੇ ਗੂੰਜ ਥੇ ਜਿਮੀ ਅਸਮਾਨ ਸੋਹਣੇ।
> ਕੰਨ ਪਾਈ ਨਾਂ ਸੁਣੇ ਹਰਨਾਮ ਸਿੰਘਾ, ਖੁਸ਼ੀਆਂ ਮੌਤ ਦੀਆਂ ਸਿੰਘ ਮਨਾਨ ਸੋਹਣੇ"

ਕਾਵਨ ਦੇ ਹੁਕਮ ਨਾਲ ਪਹਿਲੇ ਦਿਨ ਦੋਹਾਂ ਜਥੇਦਾਰਾਂ ਹੀਰਾ ਸਿੰਘ ਤੇ ਲਹਿਣਾ ਸਿੰਘ ਸਮੇਤ ੪੯ ਸਿੰਘਾਂ ਨੂੰ, ਅਤੇ ਭੁਜੰਗੀ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਕੱਟਕੇ ਸ਼ਹੀਦ ਕੀਤਾ ਗਿਆ, ਭਾਈ ਬਿਸ਼ਨ ਸਿੰਘ ਦੀ ਸ਼ਹੀਦੀ ਦੀ ਵਚਿੱਤਰ ਗਾਥਾ ਹੈ, ਉਹ ੧੨ ਸਾਲ ਦਾ ਅਬੋਧ ਬਾਲ ਸੀ। ਕਾਵਨ ਦੀ ਮੇਮ ਨੇ ਉਸ ਨੂੰ ਰਿਹਾ ਕਰਨ ਦੀ ਸਿਫਾਰਸ਼ ਕੀਤੀ। ਕਾਵਨ ਨੇ ਕਿਹਾ ਕਿ ਜੇ ਇਹ ਕਹਿ ਦੇਵੇ,"ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਹਾਂ ਤਾਂ ਛੱਡ ਦਿਆਂਗਾ"। ਬਾਲਕ ਨੇ ਮੇਮ ਤੋਂ ਇਹ ਪੇਸ਼ਕਸ਼ ਸੁਣਕੇ ਕਿਹਾ " ਮੈਂ ਜੁਆਬ ਸਾਹਿਬ ਦੇ ਕੰਨ ਵਿਚ ਦਿਆਂਗਾ। "ਜਦੋਂ ਕੰਨ ਨੇੜੇ ਕਰਨ ਲਈ ਡੀ. ਸੀ. ਝੁਕਿਆ ਤਾਂ ਬਾਲ ਬਿਸ਼ਨ ਸਿੰਘ ਉਸ ਦੀ ਦਾਹੜੀ ਨਾਲ ਲਮਕਕੇ, ਜਾਨ ਕਾਗਸੇ ਕਰ ਦਿੱਤੀ। ਸ਼ਾਇਰ ਦੇ ਸ਼ਬਦਾਂ ਵਿਚ

"ਲੰਮੀ ਦਾਹੜੀ ਨੂੰ ਪਾਇਕੇ ਹੱਥ ਦੋਵੇਂ, ਝਟਕਾ ਮਾਰ ਕੇ ਖੂਬ ਹਿਲਾ ਦਿਤੀ
ਫੇਰ ਕਹੇਂਗਾ ਸਿਖ ਨਹੀਂ ਸਤਿਗੁਰੂ ਦਾ, ਗਰਜ ਸ਼ੇਰ ਨੇ ਜਾਨ ਸੁਕਾ ਦਿਤੀ
ਨਾਭੇ ਵਾਲੇ ਦਾ ਖਤਾ ਸਿਪਾਹੀ ਹੈ ਸੀ, ਮੌਕਾ ਵੇਖ ਤਲਵਾਰ ਚਲਾ ਦਿਤੀ
ਵੱਢੇ ਹੱਥ ਪਿਛੋਂ ਪਹਿਲਾਂ ਖਾਲਸੇ ਨੇ, ਸੋਹਣੀ ਜਿੰਦੜੀ ਘੋਲ ਘੁਮਾ ਦਿਤੀ"

ਅਗਲੇ ਦਿਨ ੧੮ ਜਨਵਰੀ ਨੂੰ ੧੬ ਸਿੰਘ ਹੋਰ ਤੋਪਾਂ ਦੁਆਰਾ ਉਡਾ ਕੇ ਸ਼ਹੀਦ ਕੀਤੇ ਗਏ। ਇਹਨਾਂ ਵਿਚੋਂ ਇਕ ਭਾਈ ਵਰਿਆਮ ਸਿੰਘ ਪਿੰਡ ਮਹਿਰਾਜ ਦਾ, ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਦੇ ਸਿੱਧੂ ਭਾਈਚਾਰੇ ਵਿਚੋਂ ਸੀ। ਇਸ ਲਈ ਉਹ ਦੀ ਸਿਫਾਰਿਸ਼ ਪਟਿਆਲਾ ਦੇ ਮੌਜੂਦ ਅਹਿਲਕਾਰਾਂ ਨੇ ਕੀਤੀ। ਤੋਪਚੀ ਨੇ ਉਸ ਨੂੰ ਤੋਪ ਅੱਗੇ ਖਲੋਤੇ ਨੂੰ ਕਿਹਾ "ਤੇਰਾ ਕੱਦ ਮਧਰਾ ਹੈ। ਤੂੰ ਤੋਪ ਦੇ ਨਿਸ਼ਾਨੇ ਤੇ ਸਿੱਧਾ ਨਹੀਂ ਬੈਠਦਾ। ਜਾ ਸਕਦਾ ਹੈਂ। ਉਸ ਸਿੰਘ ਨੇ ਵਾਹਣ ਵਿਚੋਂ ਢੀਮਾਂ ਇੱਕਠੀਆਂ ਕੀਤੀਆਂ। ਉਹਨਾਂ ਦੀ ਢੇਰੀ ਬਣਾ ਕੇ ਉੱਤੇ ਖਲੋ ਕੇ ਕਹਿੰਦਾ "ਚਲਾ ਤੋਪ, ਹੁਣ ਤਾਂ ਮੇਰਾ ਕੱਦ ਪੂਰਾ ਹੋ ਗਿਆ ਹੈ।" ਤੋਪ ਚੱਲੀ ਸਿੰਘ ਸ਼ਹੀਦ ਹੋ ਗਿਆ। ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਸ਼ਬਦਾਂ ਵਿਚ

"ਮੈਂ ਹੂੰ ਊਚਾ ਤੋਪ ਨਿਵੇਰੀ। ਸਾਥ ਚਲਾ ਮਮ ਕਰੋ ਨ ਦੇਰੀ"

ਗਿਆਨੀ ਗਿਆਨ ਸਿੰਘ, "ਪੰਥ ਪਰਕਾਸ਼ ਵਿਚ ਲਿਖਦੇ ਹਨ ਕਿ ਉਹ ਕੂਕਿਆਂ ਦੇ ਸ਼ਹੀਦੀ ਸਾਕੇ ਸਮੇਂ ਮਲੇਰ ਕੋਟਲੇ ਦੇ ਰੱਕੜ ਵਿਚ ਮੌਜੂਦ ਸਨ। ਕੂਕਿਆਂ ਨੂੰ ਹੱਸ ਹੱਸ ਕੇ ਤੋਪ ਅੱਗੇ ਖਲੋਕੇ ਉਡਦਿਆਂ ਉਹਨਾਂ ਨ ਅੱਖਾਂ ਨਾਲ ਵੇਖਿਆ ਹੈ .

"ਦੀਵੇ ਪਰ ਜਿਓਂ ਆਏ ਪਤੰਗੇ। ਤਿਊਂ ਤੋਪਨ ਦਿਸ ਜਾਏ ਨਿਸ਼ੰਗੇ।
ਉਡੇ ਖੁਸ਼ੀ ਹਵੈ ਹਵੈ ਕਰ ਸਾਰੇ। ਜ਼ਰਾ ਨ ਕੀਨੇ ਪ੍ਰਾਨ ਪਿਆਰੇ।
ਇਹ ਹਮਨੇ ਖੁਦ ਨੈਨ ਨਿਹਾਰੇ"

ਇਕ ਹੋਰ ਯੋਰਪੀਨ ਯਾਤਰੂ ਉਸ ਸਮੇਂ ਭਾਰਤ ਦੇ ਦੌਰੇ ਤੇ ਸੀ ਉਹ ਲਿਖਦਾ ਹੈ "ਯੋਰਪ ਨੂੰ ਇਕ ਈਸਾ ਤੇ ਨਾਜ਼ ਹੈ, ਅਜ ਮੈਂ ਅਨੇਕਾਂ ਈਸਾ ਸੂਲੀ ਚੜ੍ਹਦੇ ਵੇਖੇ ਹਨ। ਥੋਕ ਵਿਚ ਕੂਕਿਆਂ ਦੀਆਂ ਤੋਪਾਂ ਨਾਲ ਉਡਾਕੇ ਕੀਤੀਆਂ ਵਹਿਸ਼ੀ ਹੱਤਿਆਵਾਂ ਦੀ ਆਪਣੇ ਢੰਗ ਨਾਲ ਪਰਦਾ ਪੋਸ਼ੀ ਕਰਦਿਆਂ ਕਮਿਸ਼ਨਰ ਫੋਰਸਾਇਥ ਲਿਖਦਾ ਹੈ - "ਮੈਂ ਉਹਨਾਂ ਨੂੰ ਤੋਪਾਂ ਨਾਲ ਉਡਾਏ ਜਾਣ ਦੀ ਪਰਵਾਨਗੀ ਤਾਂ ਦਿਤੀ ਕਿਉਂ ਜੋ ਪੰਜਾਬ ਦੇ ਬਹਾਦਰ ਲੋਕ ਫਾਂਸੀ ਲਾਕੇ ਮਾਰੇ ਜਾਣ ਨਾਲੋਂ, ਗੋਲੀ ਨਾਲ ਉਡਾਏ ਜਾਣ ਵਾਲੀ ਮੌਤ ਨੂੰ ਤਰਜੀਹ ਦਿੰਦੇ ਹਨ।"

ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਆਜ਼ਾਦੀ ਸੰਗਰਾਮ ਵਿਚ ਸਾਕਾ ਮਲੇਰ ਕੋਟਲਾ ਇਕ ਦੂਰਗਾਮੀ ਪ੍ਰਭਾਵ ਪਾਉਣ ਵਾਲੀ ਘਟਨਾ ਸਿੱਧ ਹਈ, ਜਿਸ ਨੇ ਮਗਰਲੇ ਸਮੇਂ ਵਿਚ, ਆਜ਼ਾਦੀ ਅੰਦੋਲਨ ਲਈ ਉਠਣ ਵਾਲੀਆਂ ਲਹਿਰਾਂ ਨੂੰ ਪੂਰਾਂ ਦੇ ਪੂਰ ਦੇਸ਼ ਭਗਤਾਂ ਦੇ ਦਿੱਤੇ ਅਤੇ ਅੰਗਰੇਜ਼ਾਂ ਨੂੰ ਇੱਥੋਂ ਅਖੀਰ ੧੫ ਅਗਸਤ ੧੯੪੭ ਨੂੰ ਆਪਣਾ ਬੋਰੀਆ ਬਿਸਤਰਾ ਵਲੇਟ ਕੇ ਜਾਣਾ ਪਿਆ।

# ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ ਰੇਲਵੇ ਸਟੇਸ਼ਨ (ਪੰਜਾਬ)



੧੭ ਜਨਵਰੀ ੧੮੭੨ ਈ: ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ



੧੮ ਜਨਵਰੀ ੧੮੭੨ ਈ: ਲੁਧਿਆਣਾ ਰੇਲਵੇ ਸਟੇਸ਼ਨ ਤੋਂ ਰਵਾਨਗੀ



ਮਾਡਲ ਰੇਲਵੇ ਸਟੇਸ਼ਨ ਲੁਧਿਆਣਾ

ਕਮਿਸ਼ਨਰ ਫੋਰਸਾਇਥ ਨੇ ਗਵਰਨਰ ਪੰਜਾਬ ਦੇ ਹੁਕਮ ਤੇ, ਮਲੇਰਕੋਟਲੇ ਤੇ ਨਾਮਧਾਰੀ ਸਿੰਘਾਂ ਦੇ ਹਮਲੇ ਦੇ ਤੁਰੰਤ ਬਾਅਦ, ਸਤਿਗੁਰੂ ਰਾਮ ਸਿੰਘ ਜੀ ਤੇ ਪਰਮੁੱਖ ਸੂਬਿਆਂ ਦੀ ਗਰਿਫਤਾਰੀ ਦਾ ਹੁਕਮ ਦਿਤਾ। ਉਸ ਨੇ ਇਸ ਕੰਮ ਲਈ ਡੀ ਆਈ ਜੀ ਲੈਫਟੀਨੈਂਟ ਕਰਨਲ ਬੇਲੀ ਨੂੰ ਫੋਜ ਤੇ ਪੁਲਿਸ ਦੀ ਮੱਦਦ ਨਾਲ ਸਤਿਗੁਰੂ ਜੀ ਤੇ ਸੂਬਿਆਂ ਬਾਰੇ ਕਾਰਵਾਈ ਦਾ ਆਦੇਸ਼ ਦਿਤਾ. ੧੭ ਜਨਵਰੀ ੧੮੭੨ ਦੀ ਰਾਤ ਨੂੰ ਸਾਹਨੇਵਾਲ ਦੇ ਥਾਨੇਦਾਰ ਸ਼ਾਹਵਲੀ ਖਾਨ ਨੇ ਜਦੋਂ ਸਤਿਗੁਰੂ ਜੀ ਸਿਆਹੜ ਤੋਂ ਆ ਕੇ, ਘੋੜਿਆਂ ਤੋਂ ਉਤਰ ਹੀ ਰਹੇ ਸਨ, ਕਮਿਸ਼ਨਰ ਦਾ ਹੁਕਮ ਸੁਣਾਇਆ। ਡਿਪਟੀ ਇਸਪੈਕਟਰ ਗੁਲਾਬ ਸਿੰਘ ਦੀ ਨਿਗਰਾਨੀ ਵਿਚ, ਮਹਾਰਾਜ ਬੁੱਧ ਸਿੰਘ (ਗੁਰੂ ਹਰੀ ਸਿੰਘਜੀ) ਪਿਤਾ ਬਾਬਾ ਜੱਸਾ ਸਿੰਘ, ਪੁੱਤਰੀ ਨੰਦਾਂ ਅਤੇ ਸੈਂਕੜੇ ਵਿਲਕਦੇ ਪ੍ਰੇਮੀਆਂ ਨੂੰ ਛੱਡ ਕੇ ਸਤਿਗੁਰੂ ਜੀ ਗੱਡੇ ਤੇ ਸਵਾਰ ਹੋ ਗਏ। ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ ਅਤੇ ਸੇਵਕ ਨਾਨੂ ਸਿੰਘ ਵੀ ਨਾਲ ਸਨ। ਮੰਡੇ ਦੇ ਭਾਈ ਗੁਰਦਿੱਤ ਸਿੰਘ ਨੇ ਗੱਡਾ ਤੋਰਿਆ ਇਕ ਵਜੇ ਅੱਧੀ ਰਾਤ ਬਾਅਦ ੧੮ ਜਨਵਰੀ ੧੮੭੨ ਨੂੰ ਲੁਧਿਆਣੇ ਰੇਲਵੇ ਸਟੇਸ਼ਨ ਪੁੱਜ ਗਏ ਫੋਰਸਾਇਥ ਨੇ ਸਤਿਗੁਰੂ ਜੀ ਨਾਲ ਸਾਰੇ ਘਟਨਾ ਕ੍ਰਮ ਬਾਰੇ ਦੋ ਘੰਟੇ ਗਲਬਾਤ ਕੀਤੀ ੪ ਵਜੇ ਸੁਬ੍ਹਾ ਡਾਕਗੱਡੀ ਦੇ ਨਾਲ ਇਕ ਸਪੈਸ਼ਲ ਡੱਬੇ ਵਿਚ ਮਿ ਜੈਕਸਨ ਦੀ ਗੋਰਖਾ ਗਾਰਦ ਦੇ ਪਹਿਰੇ ਵਿਚ, ਸਤਿਗੁਰੂ ਜੀ ਉਪਰ ਲਿਖੇ ਦੋਹਾਂ ਸੂਬਿਆਂ ਤੋਂ ਇਲਾਵਾ ਸੂਬਾ ਲੱਖਾ ਸਿੰਘ ਜੀ ਅਤੇ ਸੇਵਕ ਨਾਨੂੰ ਸਿੰਘ ਸਮੇਤ ਪੰਜਾਂ ਨੂੰ ਸਿੱਧਾ ਅਲਾਹਾਬਾਦ ਭੇਜ ਦਿਤਾ ਗਿਆ ਸੇਜਲ ਨੇਤਰਾਂ ਨਾਲ ਗਾਡੀਵਾਨ ਸਿੰਘ ਖਾਲੀ ਗੱਡਾ ਲੈ ਕੇ ਭੈਣੀ ਸਾਹਿਬ ਪਰਤ ਆਇਆ। ੧੮ ਜਨਵਰੀ ਨੂੰ ਹੀ ਇਕ ਹੋਰ ਗੱਡੀ ਦੁਆਰਾ ਸਰਬ ਸੂਬਾ ਕਾਹਨ ਸਿੰਘ, ਹੁਕਮਾ ਸਿੰਘ, ਪਹਾੜਾ ਸਿੰਘ, ਰੂੜ ਸਿੰਘ, ਮਲੂਕ ਸਿੰਘ, ਬ੍ਰਹਮਾ ਸਿੰਘ, ਮਾਨ ਸਿੰਘ ਨੂੰ ਵੀ ਲੁਧਿਆਣੇ ਤੋਂ ਅਲਾਹਬਾਦ ਭੇਜ ਦਿਤਾ ਗਿਆ। ਛੇਤੀ ਹੀ ਸੂ ਮੰਗਲ ਸਿੰਘ ਬਿਸਨਪੁਰਾ ਵੀ ਉਥੇ ਪੁਚਾ ਦਿਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਵਨ ਸਾਕਾ, ਲਗਭਗ ਡੇਢ ਸਦੀ ਬਾਅਦ ਵੀ, ਨਾਮਧਾਰੀ ਸੰਗਤਾਂ ਦੇ ਸੀਨ ਦੇ ਜ਼ਖਮ ਹਰੇ ਰੱਖ ਰਿਹਾ ਹੈ। ਜਿਹੜਾ ਬਿਰਹਾ ਗੀਤ ਆਪਣੇ ਰਾਮ ਦੇ ਬਨਬਾਸ ਜਾਣ ਸਮੇਂ, ਨਾਮਧਾਰੀ ਬੀਬੀਆਂ ਨੇ ਛੇੜਿਆ ਸੀ, ਉਸ ਦੀਆਂ ਸੁਰਾਂ ਅੱਜ ਵੀ ਸਮੁੱਚੇ ਭੈਣੀ ਸਾਹਿਬ ਨੂੰ ਸੰਗਮਈ ਬਣਾ ਦਿੰਦੀਆਂ ਹਨ -

"ਜੀ ਰਘੁਪਤਿ ਧੀਰ ਚਲੇ, ਧੀਰ ਚਲੇ ਮੈਂ ਹਾਰੀ।
ਬੀਨਾ ਤੇ ਸ਼ਾਵਾਂ ਗੁਰ ਜੀ ਪਣੀਆਂ ਸੰਦੂਕੇ, ਵਰਦੀ ਪਹਿਨ ਲਈ ਕਾਰੀ।
ਜੀ ਕਾਲੀ ਕੰਬਲੀ ਦੀ ਬੁਕਲ ਮਾਰੀ, ਜੀ ਰਘੁਪਤਿ ਧੀਰ ਚਲੇ
ਚੀਨੀ ਤੇ ਸੁਰਖੀ ਗੁਰ ਜੀ ਬੰਨ੍ਹੀਆਂ ਤੜਕਲੇ, ਗੱਡੇ ਦੀ ਕੀਨੀ ਸੁਆਰੀ
ਜੀ ਰਘੁਪਤਿ ਧੀਰ ਚਲੇ, ਧੀਰ ਚਲੇ ਮੈਂ ਹਾਰੀ"।

ਕਿਉਂਕਿ ਸਤਿਗੁਰੂ ਜੀ ਤੇ ਬਗਾਵਤ ਦਾ ਦੋਸ਼ ਲਾ ਕੇ ਹੀ ਉਹਨਾਂ ਨੂੰ ਜਲਾਵਤਨ ਕੀਤਾ ਗਿਆ ਸੀ, ਅਤੇ ਪੰਜਾਬ ਦੇ 'ਸੰਤਾਂ', ਮਹੰਤਾਂ, ਪੁਜਾਰੀਆਂ, ਡੇਰੇਦਾਰਾਂ, ਸਰਦਾਰਾਂ, ਰਈਸਾਂ ਅਤੇ ਰਾਜਿਆਂ ਨੇ ਇਸ ਦੀ ਪੁਸ਼ਟੀ ਵਿਚ ਜੋ ਸਰਕਾਰ ਨੂੰ

ਲਿਖਿਆ ਸੀ, ਉਹ ਕਵੀ ਹਰਨਾਮ ਸਿੰਘ ਬਗਲੀ ਵਾਲੇ ਦੀ ਰਚਨਾਂ "ਸੰਤ ਖਾਲਸਾ" ਵਿਚ ਇਉਂ ਦਰਜ ਕੀਤਾ ਗਿਆ ਹੈ.-

"ਰਾਮ ਸਿੰਘ ਮਹਾਰਾਜ ਨੇ ਛੱਡ ਦਿਤੇ, ਗਦਰ ਦੇਸ ਅੰਦਰ ਤਰਫ ਚਾਰ ਹੋਊ,
ਮਤਲਬ ਅਸਲ ਹੈ ਇਨ੍ਹਾਂ ਦਾ ਰਾਜ ਕਰਨਾ, ਜੰਗ ਇਨ੍ਹਾਂ ਦਾ ਨਾਲ ਸਰਕਾਰ ਹੋਊ,
ਗੌਰਮਿੰਟ ਨੂੰ ਛੱਡ ਪੰਜਾਬ ਸਾਰਾ, ਰਾਮ ਸਿੰਘ ਜੀ ਦੇ ਤਾਬੇਦਾਰ ਹੋਊ,
ਗੌਰਮਿੰਟ ਨੂੰ ਤਿਆਗ ਹਰਨਾਮ ਸਿੰਘਾਂ, ਵੱਲ ਇਨ੍ਹਾਂ ਦੇ ਕੁਲ ਸੰਸਾਰ ਹੋਊ"

੧੯ ਜਨਵਰੀ ੧੮੭੨ਈ ਤੋਂ ਮਈ ੧੯੨੩ਈ ਤੱਕ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੇ ਪੁਲਿਸ ਚੌਂਕੀ ਬੈਠਾ ਦਿੱਤੀ ਗਈ ਸੀ। ਪਹਿਲਾਂ ਅੱਠਾਂ ਪਹਿਰਾਂ ਵਿਚ ਸਿਰਫ ਪੰਜ ਸਿੰਘ, ਗੁਰਦੁਆਰੇ ਅਤੇ ਗੁਰੂ ਹਰੀ ਸਿੰਘ ਜੀ (ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬੰਦੀਖਾਨੇ ਵਿਚੋਂ ਆਪਣਾ ਉੱਤਰਾ-ਅਧਿਕਾਰੀ ਲਿਖਿਆ ਸੀ) ਦੇ ਦਰਸ਼ਨ ਕਰ ਸਕਦੇ ਸਨ ਫਿਰ ਇਹ ਖੁੱਲ੍ਹ ਦਸ ਜਣਿਆਂ ਨੂੰ ਮਿਲ ਗਈ ਸ੍ਰੀ ਭੈਣੀ ਸਾਹਿਬ ਦੀ ਜਾਂ ਆਸ ਪਾਸ ਦੇ ਪਿੰਡਾਂ ਦੀ ਜੂਹ ਵਿਚ ਨਾਮਧਾਰੀਆਂ ਦਾ ਰਾਤ ਕੱਟਣਾ ਉਹਨਾਂ ਪਿੰਡਾਂ ਲਈ ਵੀ ਤੇ ਕੂਕਿਆਂ ਲਈ ਵੀ ਬਹੁਤ ਮਹਿੰਗਾ ਪੈਂਦਾ ਸੀ। ਨਾਮਧਾਰੀ ਸਿੰਘਾਂ ਨੂੰ ਰਾਤ ਬਰਾਤੇ ਹੀ ਉੱਥੋਂ ਖਦੇੜ ਦਿੱਤਾ ਜਾਂਦਾ। ਪਿੰਡਾਂ ਦੇ ਲੰਬੜਦਾਰਾਂ, ਚੌਂਕੀਦਾਰਾਂ ਦੇ ਅਹੁਦੇ ਖੋਹ ਕੇ ਕੈਦ ਕੀਤੇ ਜਾਂਦੇ। ਭਾਈ ਹਰਨਾਮ ਸਿੰਘ ਰਾਗੀ ਦੇ ਸ਼ਬਦਾਂ ਵਿਚ -

"ਉਹ ਮਰਨੋਂ ਮੂਲ ਨਾ ਡਰਦੇ, ਜਿਹਨਾਂ ਨੇ ਨੈਣ ਲਗਾ ਲਏ ਨੇ,
ਉਹ ਜਾਨ ਕਰਨ ਕੁਰਬਾਨ, ਜਿਹਨਾਂ ਨੇ ਦਰਸ਼ਨ ਪਾ ਲਏ ਨੇ,
ਚੌਂਕੀ ਭੈਣੀ ਸਾਹਿਬ ਵਿਚ ਪਾਈ, ਸਿਖ ਉਥੇ ਆਉਣਾ ਮਿਲੇ ਨਾ ਕਾਈ,
ਜੇ ਕੋਈ ਆਵੇ ਪਿਆਰਾ, ਮਗਰ ਸਿਪਾਹੀ ਲਾ ਲਏ ਨੇ"

ਉਸ ਸਮੇਂ ਆਮ ਨਾਮਧਾਰੀ ਸਿੰਘਾਂ ਨੂੰ, ਜਿਨ੍ਹਾਂ ਸਰਕਾਰੀ ਕਰੋਪੀਆਂ ਦੀ ਸਖਤੀ ਝੱਲਣੀ ਪਈ, ਕੂਕਿਆਂ ਬਾਰੇ ਆਪਣੇ ਲੇਖ ਵਿਚ ਸ਼ਹੀਦ ਭਗਤ ਸਿੰਘ ਫਰਵਰੀ-ਮਾਰਚ ੧੯੨੮ ਦੇ "ਮਹਾਂਰਥੀ" ਵਿਚ ਲਿਖਦੇ ਹਨ "ਜੇ ਕੋਈ ਸਾਰੇ ਦਾ ਸਾਰਾ ਫਿਰਕਾ ਗੈਰ ਕਨੂੰਨੀ ਘੋਸ਼ਿਤ ਕੀਤਾ ਗਿਆ, ਜੇ ਕੋਈ ਸਾਰੇ ਦਾ ਸਾਰਾ ਫਿਰਕਾ ਸਰਕਾਰ ਦਾ ਬਾਗੀ ਐਲਾਨਿਆ ਗਿਆ ਤਾਂ ਇਹ ਪੰਜਾਬ ਵਿਚ ਕੂਕਿਆਂ ਦਾ ਫਿਰਕਾ ਸੀ"। ਨਾਮਧਾਰੀ ਪੰਥ ਦੇ ਇਹਨਾਂ ਕਾਲੇ ਦਿਨਾਂ ਬਾਰੇ ਸਾਡੇ ਕਵੀ ਹਰਨਾਮ ਸਿੰਘ ਬਗਲੀ ਵਾਲਾ, ਉਪਰ ਵਰਣਿਤ ਗਰੰਥ ਵਿਚ ਇਉਂ ਲਿਖ ਗਏ ਹਨ:

"ਕੂਕਾ ਪਿੰਡ ਦਾ ਪਿੰਡ ਹੀ ਰਹੇ ਅਪਣੇ, ਪਿੰਡੋਂ ਬਾਹਰਲਿਓਂ ਭੀ ਕੂਕਾ ਆਵੇ ਨਾਹੀ।
ਬਿਨਾਂ ਖਬਰ ਦਿੱਤੀ ਵਰਨੀ ਥਾਣੀਆਂ ਦਾ, ਕੂਕਾ ਪਾਠ ਯਾ ਭੋਗ ਪਵਾਵੇ ਨਾਹੀ।
ਚੌਕੀਦਾਰ ਨੰਬਰਦਾਰ ਜਾਤ ਦਿੱਤੇ, ਕੂਕਾ ਦੂਰ ਨੇੜੇ ਆਵੇ ਜਾਵੇ ਨਾਹੀ
ਬਿਨਾਂ ਰਪਟ ਦਿਤੇ ਬਾਝੋਂ ਸਿੰਘ ਕੂਕਾ, ਕੱਠੇ ਪੰਜ ਭੀ ਸਿੰਘ ਕਰਾਵੇ ਨਾਹੀ
ਲਗਦੀ ਵਾਹ ਤਾਤੇ ਏਥੇ ਤਕ ਲੋਕੀਂ, ਕੂਕੇ ਨਾਮ ਦਾ ਸਿੰਘ ਕਹਾਵੇ ਨਾਹੀ
ਕਿਸੇ ਮਾਮਲੇ ਵਿਚ ਹਰਨਾਮ ਸਿੰਘਾਂ। ਕੂਕਾ ਕੰਨ ਭੀ ਕਿਤੇ ਹਲਾਵੇ ਨਾਹੀ"।

# ਅਲਾਹਾਬਾਦ ਕਿਲ੍ਹਾ (ਉੱਤਰ-ਪ੍ਰਦੇਸ)



ਮਾਡਲ ਅਲਾਹਾਬਾਦ ਦਾ ਕਿਲ੍ਹਾ

ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬੇ ੧੯ ਜਨਵਰੀ ੧੮੭੨ ਈ ਸ਼ਾਮ ਤੱਕ ਅਲਾਹਾਬਾਦ ਦੀ ਕੇਂਦਰੀ ਜੇਲ੍ਹ ਵਿਚ ਪੁਚਾਏ ਗਏ। ਪਰ ਕਿਉਂਕਿ ਜਿਹਲ ਦੀ ਇਕ ਪਾਸੇ ਦੀ ਕੰਧ ਟੁੱਟੀ ਹੋਈ ਸੀ ਇਸ ਲਈ ਸੁਰੱਖਿਅਤ ਜਗ੍ਹਾ ਨਾ ਸਮਝਦਿਆਂ ਆਪ ਨੂੰ ਛੇਤੀ ਹੀ ਅਲਾਹਬਾਦ ਕਿਲ੍ਹੇ ਵਿਚ ਪੁਚਾ ਦਿੱਤਾ ਗਿਆ। ਇਥੇ ੧੦ ਸੂਬੇ ੧੧ਵਾਂ ਸੂ ਮੰਗਲ ਸਿੰਘ ਕੈਦ ਕੀਤੇ ਗਏ। ਸਤਿਗੁਰੂ ਜੀ ਅਤੇ ਸੇਵਕ ਨਾਨੂੰ ਸਿੰਘ ਕੁੱਲ ਪ੦ ਦਿਨਾਂ ਤੋਂ ਵੀ ਘੱਟ ਇੱਥੇ ਰਹੇ ਹਨ। ਉੱਤਰ ਪਛਮੀ ਪ੍ਰਾਂਤ ਦੇ ਲੈਫਟੀਨੈਂਟ ਗਵਰਨਰ ਦੀ ਵਾਇਸਰਾਏ ਹਿੰਦ ਨੂੰ ਭੇਜੀ ਤਾਰ ਮੁਤਾਬਿਕ ਸਤਿਗੁਰੂ ਜੀ ਅਤੇ ਸੇਵਕ ਨਾਨੂੰ ਸਿੰਘ, ੧੦ ਮਾਰਚ ੧੮੭੨ ਦੀ ਸੁਬਹਾ ਅਲਾਹਬਾਦ ਤੋਂ ਕਲਕੱਤੇ ਲਈ ਰੇਲ ਵਿਚ ਸਵਾਰ ਹੋਏ ਸਤਿਗੁਰੂ ਜੀ ਦੇ ਕਿਲ੍ਹੇ ਤੋਂ ਤੁਰਨ ਸਮੇਂ ਬਾਕੀ ਕੈਦ ਸੂਬੇ ਸਿੰਘਾਂ ਲਈ, ਸ੍ਰੀ ਭੈਣੀ ਸਾਹਿਬ ਤੋਂ ਚੱਲਣ ਵੇਲੇ ਦੀਆਂ ਵਿਛੋੜੇ ਦੀਆਂ ਘੜੀਆਂ, ਫੇਰ ਦੁਹਰਾਈਆਂ ਗਈਆਂ। ਬਾਕੀ ਸੂਬੇ ਅਜੇ ਹੋਰ ਕਈ ਮਹੀਨਿਆਂ ਤਕ ਅਲਾਹਾਬਾਦ ਹੀ ਰੱਖੇ ਗਏ. ਅਲਾਹਾਬਾਦ ਵਿਖੇ ਕਿਉਂਕਿ ਗੰਗਾ, ਜਮਨਾ ਅਤੇ ਪੌਰਾਣਿਕ ਸਰਸਵਤੀ ਨਦੀ ਦਾ ਸੰਗਮ ਸੱਥਲ ਜਾਂ ਤ੍ਰਿਵੇਣੀ ਹੈ। ਇਸ ਨੂੰ ਤੀਰਥ ਰਾਜ ਪ੍ਰਯਾਗ ਵੀ ਕਿਹਾ ਜਾਂਦਾ ਹੈ। ਇਸ ਦੀ ਇਤਿਹਾਸਿਕ ਮਹੱਤਤਾ ਵਿਚ, ਸਤਿਗੁਰੂ ਜੀ ਦੀ ਚਰਨ ਛੋਹ ਨਾਲ, ਹੋਰ ਵਾਧਾ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਇਸ ਕਿਲੇ ਦੀ ਯਾਤਰਾ ਕਰਦੇ ਸਮੇਂ ਪਰਦੇਸੀ ਪ੍ਰੀਤਮ ਨੂੰ ਰੱਖਣ ਵਾਲੀ ਕੋਠੜੀ ਦੇਖ ਕੇ ਵੈਰਾਗੀ ਹੋ ਗਏ ਸਨ।

# ਹਾਵੜਾ-ਕਲਕੱਤਾ (ਬੰਗਾਲ)



੧੧ ਮਾਰਚ ੧੮੭੨ ਈ: ਕਲਕੱਤਾ ਬੰਦਰਗਾਹ ਤੋਂ ਰਵਾਨਗੀ



ਮਾਡਲ ਕਲਕੱਤਾ ਬੰਦਰਗਾਹ

ਹਾਵੜੇ ਦੇ ਰੇਲਵੇ ਸਟੇਸ਼ਨ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਜ਼ੂਰੀ ਸਵਕ ਸਮੇਤ ੧੧ ਮਾਰਚ ੧੮੭੨ ਨੂੰ ਸੁਬਹਾ ੯ ੩੦ ਤੇ ਪੁੱਜ ਗਏ ਦਿਨ ਭਰ ਸਮੀਪਵਰਤੀ ਰੈਸਟ ਹਾਊਸ ਵਿਚ ਠਹਿਰਾਉਣ ਬਾਅਦ, ਉਸ ਦਿਨ ਸ਼ਾਮ ਨੂੰ ੭ ਵਜੇ ਆਪ ਜੀ ਤੇ ਨਾਲ ਦੇ ਸਿੰਘ ਨੂੰ ਕਲਕੱਤੇ ਦੀ ਬੰਦਰਗਾਹ ਤੋਂ ਰੰਗੂਨ ਜਾਣ ਵਾਲੇ ਸਮੁੰਦਰੀ ਜਹਾਜ ਵਿਚ ਸਵਾਰ ਕਰਵਾ ਦਿਤਾ ਗਿਆ, ਇੱਥੇ ਹੀ ਸਤਿਗੁਰੂ ਜੀ ਨੇ ਮੌਜ ਵਿਚ ਆ ਕੇ ਲਾਟ ਬੰਗਾਲ ਦੀ ਮਾਰਫਤ, ਸਾਰੀ ਗੋਰਾ ਸ਼ਾਹੀ ਪ੍ਰਤੀ ਇਹ ਚਿਤਾਵਨੀ ਦਿਤੀ .

ਗੱਲਾਂ ਦਿਲ ਦੀਆਂ ਦਿਲ ਦੇ ਵਿਚ ਰਹੀਆਂ, ਸੱਭੇ ਪੂਰੀਆਂ ਕਰ ਵਖਾਣੀਆਂ ਨੇ।<br>
ਤੁਸਾਂ ਕੱਢਿਆ ਸਾਨੂੰ ਸਿਆਲ ਅੰਦਰ, ਅਸਾਂ ਹਾੜ ਮੁਸੀਬਤਾਂ ਪਾਣੀਆਂ ਨੇ।

# ਰੰਗੂਨ (ਬਰਮਾ-ਮਿਆਂਮਾਰ)



ਮਾਡਲ ਰੰਗੂਨ ਬੰਗਲਾ

੧੬ ਮਾਰਚ ੧੮੭੨ ਨੂੰ ਸਤਿਗੁਰੂ ਰਾਮ ਸਿੰਘ ਜੀ ਸੇਵਕ ਨਾਨੂੰ ਸਿੰਘ ਸਮੇਤ, ਰੰਗੂਨ ਵਿਖੇ ਪੁੱਜ ਗਏ। ਇਥੇ ਆਪ ਜੀ ਨੂੰ ਰੰਗੂਨ ਦੀ ਕੇਂਦਰੀ ਜਿਹਲ ਦੀ, ਉਪਰਲੀ ਮੰਜਿਲ ਵਿਚ ਰੱਖਿਆ ਗਿਆ ਉਹਨਾਂ ਨੂੰ ਰਾਤ ਦੇ ਸਮੇਂ ਹੇਠਲੀ ਮੰਜਿਲ ਤੇ ਖੁੱਲ੍ਹੇ ਅਸਮਾਨ ਹੇਠ ਬਿਰਾਜਨ ਦੀ ਖੁੱਲ੍ਹ ਸੀ ਪ੍ਰੰਤੂ ਹਿੰਦ ਦੇ ਗਵਰਨਰ ਜਨਰਲ ਨੇ ੧੭ ਸਿਤੰਬਰ ੧੮੭੨ ਦੇ ਚੀਫ ਕਮਿਸ਼ਨਰ ਬ੍ਰਿਟਿਸ਼ ਬਰਮਾ ਦੇ ਨਾਂ ਪੱਤਰ ਵਿਚ ਲਿਖਿਆ ਕਿ ਗੁਰੂ ਰਾਮ ਸਿੰਘ ਨੂੰ ਉਸ ਦੇ ਪੰਜਾਬ ਵਿਚਲੇ ਪੈਰੋਕਾਰਾਂ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ ਲੱਖਾਂ ਕੂਕਿਆ ਦੇ 'ਬੇਤਾਜ ਬਾਦਸ਼ਾਹ' - ਹਿਰਦੇ ਸਮਰਾਟ' ਸਤਿਗੁਰੂ ਸੱਚੇਪਾਤਸ਼ਾਹ' ਵਾਲੇ ਰੁਤਬੇ ਨੂੰ ਧਿਆਨ ਵਿਚ ਰੱਖਦਿਆਂ ਚੀਫ ਕਮਿਸ਼ਨਰ ਬ੍ਰਿਟਿਸ਼ ਬਰਮਾ ਨੇ ਭਾਰਤ ਸਰਕਾਰ ਨਾਲ ਲੰਮੇ ਖਤ ਪੱਤਰਾਂ ਬਾਅਦ, ਛਾਉਣੀ ਦੇ ਡਾਕ-ਖਾਨੇ ਵਾਲੀ ਉਸ ਇਮਾਰਤ ਵਿਚ ਭੇਜ ਦਿਤਾ ਜਿਸ ਵਿਚ ਦਿੱਲੀ ਦਾ ਅੰਤਿਮ ਮੁਗਲ ਸਮਰਾਟ ਬਹਾਦਰਸ਼ਾਹ ਜ਼ੱਫਰ ਰਖਿਆ ਗਿਆ ਸੀ ਬੇਸ਼ਕ ਸਰਕਾਰ ਵਲੋਂ ਆਪ ਨੂ ਦਿਨੇ 'ਕਾਲੇ' ਅਤੇ ਰਾਤ ਨੂੰ 'ਗੋਰੇ' ਹਥਿਆਰਬੰਦ ਸਿਪਾਹੀਆਂ ਦੀ ਨਿਗਰਾਨੀ ਹੇਠ ਰੱਖਿਆ ਗਿਆ ਸੀ ਅਤੇ ਆਪ ਨਾਲ ਕਿਸੇ ਤਰਾਂ ਦਾ ਪੱਤਰਾਂ ਦਾ ਅਦਾਨ ਪਰਦਾਨ ਕਰਨ ਵਾਲੇ ਨੂੰ ਪਕੜਨ, ਇਥੋਂ ਤੱਕ ਕਿ ਗੋਲੀ ਮਾਰਨ ਦਾ ਵੀ ਹੁਕਮ ਸੀ, ਫਿਰ ਵੀ ੯੬ ਨਾਮਧਾਰੀ ਸਿੱਖ ਭੇਸ ਬਦਲਕੇ ਇਥੇ ਜਨਵਰੀ ੧੮੭੫ ਤੋਂ ੧੮੮੦ ਦੇ ਅਖੀਰ ਤੱਕ ਸਿਰ ਤਲੀ ਤੇ ਧਰ ਕੇ ਆਪ ਦੇ ਦਰਸ਼ਨ ਕਰਨ

ਅਤੇ ਆਪ ਜੀ ਦੇ ਹਸਤ ਲਿਖਤ ਹੁਕਮਨਾਮੇ ਲਿਆਉਣ ਵਿਚ ਸਫਲ ਹੋਏ। ਇਹਨਾ ਸਿੰਘਾਂ ਵਿਚੋਂ ਕੁਝ ਕੁ ਉੱਘੇ ਨਾਮ ਸਨ ਬਾਬਾ ਦਰਬਾਰਾ ਸਿੰਘ ਰਾਏਪੁਰ, ਲਾਲ ਸਿੰਘ ਗੁਮਟੀ ਅਤੇ ਉਸ ਦੀ ਸਿੰਘਣੀ ਪ੍ਰਤਾਪ ਕੌਰ, ਹਰਨਾਮ ਸਿੰਘ ਗੁਣਾ ਅਤੇ ਉਸ ਦੀ ਸਿੰਘਣੀ ਚੰਦੋ, ਹਰਨਾਮ ਸਿੰਘ ਨਥਾਣਾ, ਕਿਰਪਾਲ ਸਿੰਘ ਰਾਗੀ ਭਦੌੜ, ਨਰਾਇਣ ਸਿੰਘ ਰੋਡੇ, ਨਰਾਇਣ ਸਿੰਘ ਫਿਲੌਰ, ਸ਼ਾਮ ਸਿੰਘ ਅਤੇ ਉਸਦਾ ਪੁੱਤਰ ਜਿਉਣ ਸਿੰਘ ਸਿਰਹਾਲੀ, ਕਾਹਨ ਸਿੰਘ ਖੁਰਦ ਰਾਏਕਾ, ਨੱਥਾ ਸਿੰਘ ਗਾਦੜੀ ਵਾਲਾ, ਬਘੇਲ ਸਿੰਘ ਨਾਰਲੀ, ਸੂਬਾ ਭਗਵਾਨ ਸਿੰਘ ਫੱਤੇਵਾਲ, ਲਾਲ ਸਿੰਘ ਲਤਾਲਾ, ਸੁਆਮੀ ਤਖਤ ਸਿੰਘ, ਭਗਵਾਨ ਸਿੰਘ ਅਤਬੰਗੀ, ਸੂਬਾ ਸਮੁੰਦ ਸਿੰਘ ਖੋਟੇ, ਹਮੀਰ ਸਿੰਘ ਸੈਣੀ, ਮਹੰਤ ਨੈਣਾ ਸਿੰਘ ਵਰਿਆਂਹ, ਟਹਿਲ ਸਿੰਘ ਸੇਖਮ, ਹੀਰਾ ਸਿੰਘ ਲੰਮ੍ਹ ਸਰੌਰਾ, ਸੰਦਰ ਸਿੰਘ ਕਲੇਹਰੀ, ਸੂਬਾ ਸਰਮੁਖ ਸਿੰਘ ਲੱਲੂਵਾਲ, ਗੁਰਦਿਤ ਸਿੰਘ ਧਰਮਕੋਟ, ਸੂਬਾ ਖੁਸ਼ਹਾਲ ਸਿੰਘ ਘਰਾਜ , ਮਨੀ ਸਿੰਘ ਮਾਈਸਰ ਖਾਨਾ ਇਤਿਆਦਕ। ਕਿਉਂਕਿ ਸਰਕਾਰ ਬਰਤਾਨੀਆਂ, ਸਤਿਗੁਰੂ ਜੀ ਨੂੰ ਆਪਣੇ ਰਾਜ ਲਈ ਸਭ ਤੋਂ ਖਤਰਨਾਕ ਵਿਅਕਤੀ ਮੰਨਦੀ ਸੀ, ਜਿਨ੍ਹਾਂ ਦਾ ਉਦੇਸ਼ ਉਨ੍ਹਾਂ ਦਾ ਰਾਜ ਮਿਟਾ ਕੇ ਆਪਣਾ ਰਾਜ ਕਾਇਮ ਕਰਨਾ ਸੀ, ਇਸ ਲਈ ਚਿੱਠੀ ਪੱਤਰ ਸਿਲਸਿਲਾ ਨਾ ਰੁਕਣ ਕਾਰਨ, ਸਤਿਗੁਰੂ ਜੀ ਨੂੰ ੧੮੮੦ ਈ ਦੇ ਅਕਤੂਬਰ ਮਹੀਨੇ ਦੇ ਮਗਰਲੇ ਅੱਧ ਵਿਚ, ਰੰਗੂਨ ਤੋਂ ਸੇਵਕ ਨਾਨੂੰ ਸਿੰਘ ਸਮੇਤ ਮਰਗੋਈ ਲਈ ਸਾਗਰ ਮਾਰਗ ਦੁਆਰਾ ਰਵਾਨਾ ਕਰ ਦਿਤਾ। ਇਉਂ ਆਪ ਦਾ ਰੰਗੂਨ ਨਿਵਾਸ ੮ ਸਾਲ ੭ ਮਹੀਨੇ ਬਣਦਾ ਹੈ

ਰੰਗੂਨ ਵਾਲੇ ਬੰਗਲੇ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਵੱਸਣ ਵਾਲੇ ਕੂਕਿਆਂ ਨੂੰ ਜੋ ਕਿਰਪਾ ਪੱਤਰ ਹੁਕਮਨਾਮਿਆਂ ਦੇ ਰੂਪ ਵਿਚ ਭੇਜੇ ਹਨ, ਉਹ ਨਾਂ ਸਿਰਫ ਪੰਜਾਬ ਦੇ ਇਤਿਹਾਸ, ਪੰਜਾਬੀ ਸਾਹਿਤ ਦੇ ਦੁਰਲਭ ਦਸਤਾਵੇਜ਼ ਹਨ ਸਗੋਂ ਸਤਿਗੁਰੂ ਜੀ ਦਾ ਆਪਣੀ ਸੰਗਤ ਨਾਲ ਅਧਿਆਤਮਕ ਸੰਵਾਦ ਰਚਾਉਣ ਵਾਲੇ, ਹੁਕਮਨਾਮਿਆਂ ਦੀ ਅਮੁੱਲ ਨਿਧੀ ਵੀ ਹੈ । ਇਸ ਵਿਚ ਨਾਮ ਬਾਣੀ, ਗੁਰਸਿਖ ਜੀਵਨ ਜਾਚ ਦੇ ਨਿਰਬਾਹ ਅਤੇ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੇ ਵਧ ਤੋਂ ਵਧ ਭੋਗ ਪਾਉਣ ਤੇ ਜ਼ੋਰ ਦਿਤਾ ਹੈ । ਲੜਕੀਆਂ ਮਾਰਨ, ਵੱਟਾ ਕਰਨ, ਕੁੜੀਆਂ ਵੇਚਣ, ਮਾਸ-ਸਰਾਬ ਨਸ਼ਿਆਂ ਦੀ ਵਰਤੋਂ ਵਿਰੁੱਧ ਸਖਤ ਹਦਾਇਤਾਂ ਹਨ । ਹਰ ਭੇਖ ਦੇ ਵਿਅਕਤੀ ਦੀ ਵਿਤ ਅਨੁਸਾਰ ਸੇਵਾ ਕਰਨ ਦਾ ਹੁਕਮ ਹੈ ਚੋਰੀ ਜਾਰੀ ਕਰਨ ਅਤੇ ਕੁੜੀਆਂ ਮਾਰਨ ਵਾਲਿਆਂ ਨੂੰ ਸੰਗਤ ਵਿਚ ਨਾਂ ਵੜਨ ਦੇਣ ਦਾ ਫੁਰਮਾਨ ਹੈ ਅੰਗਰੇਜ਼ਾਂ ਦੀ ਨੌਕਰੀ ਨਾਂ ਕਰਨ ਬਾਰੇ ਵੀ ਲਿਖਿਆ ਹੈ । ਰਿਆਸਤਾਂ ਦੇ ਰਾਜਿਆਂ ਬਾਰੇ ਕਿਹਾ ਹੈ ਕਿ ਇਹਨਾਂ ਨੂੰ ਅੰਗਰੇਜ਼ਾਂ ਨੇ ਕੂਕਿਆਂ ਦਾ ਲਹੂ ਪੀਣ ਲਾ ਛੱਡਿਆ ਹੈ । ਇਹ ਦਿਲਾਸਾ ਵੀ ਦਿੰਦੇ ਹਨ ਕਿ ਇਹ ਤੰਗੀ ਅਤੇ ਸਖਤੀਆਂ ਦਾ ਦੌਰ ਕੂਕਿਆਂ ਪਿਛੇ ਹਮੇਸ਼ਾਂ ਨਹੀਂ ਰਹੇਗਾ ਇਸ ਲਈ ਆਪਣੇ ਸਿੰਘਾਂ ਨੂੰ ਖਿਤੇ ਮੰਦੇ ਵਕਤ ਦਾ ਸਿਤਮ ਬਰਦਾਸ਼ਤ ਕਰਨ ਲਈ ਉਤਸ਼ਾਹਿਤ ਕੀਤਾ ਹੈ . ਸਿੱਖ ਤਖਤਾਂ ਦੇ ਪੁਜਾਰੀਆਂ ਨੂੰ ਕੂਕਿਆਂ ਨਾਲ " ਫੁੱਟ ਭਲਿਆਈਓ" ਸਭ ਕੁਝ ਕਰਨ ਤੇ ਤਾੜਨਾ ਭਰਪੂਰ ਪੱਤਰਾਂ ਵਿਚ ਬੜੀ ਜੁਰਅਤ ਨਾਲ ਲਿਖਿਆ ਹੈ ਕਿ ਕੂਕਿਆਂ ਦਾ ਇਹ ਪੰਥ ਜੇ ਤਾਂ

ਬੰਦੇ ਦਾ ਕੀਤਾ ਹੈ ਤਾਂ ਮਿਟ ਜਾਏਗਾ ਅਤੇ ਜੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਖੜ੍ਹਾ ਹੋਇਆ ਹੈ ਤਾਂ ਇਹ ਤੁਹਾਡੇ ਮਿਟਾਉਣ ਦਾ ਨਹੀਂ । ਇਸ ਲਈ ਚੰਗਾ ਹੋਵੇਗਾ ਜੇ ਗੁਰੂ ਸਾਹਿਬ ਦੇ ਪਵਿੱਤਰ ਨਾਮ ਨੂੰ ਕਲਾਮ ਆਖਣ ਜਿਹੇ ਗੁਨਾਹਾਂ ਦੀ ਤਲਾਫੀ ਲਈ, ਤੁਸੀਂ ਵੀ ਇਸ ਗੁਰੂ ਕਾ ਕੀਤਾ ਪੰਥ ਹੀ ਮੰਨੋ।

ਸਤਿਗੁਰੂ ਜੀ ਹਰ ਕੰਮ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਕਰਨ ਦੀ ਸਿੱਖਿਆ ਦਿੰਦੇ ਹੋਏ ਕਾਹਲੀ ਨਾਲ ਕੀਤੇ ਕਿਸੇ ਵੀ ਕੰਮ ਨੂੰ, ਭੂਤਾਂ ਦਾ ਕੰਮ ਆਖਦੇ ਹਨ । ਉਹ ਹਰ ਕਿਸੇ ਨੂੰ ਤੱਤਾ ਸੁਭਾਉ ਨਾ ਵਰਤਣ, ਖਿਮਾਂ, ਧੀਰਜ, ਸ਼ਾਂਤਗੀ ਰੱਖਣ ਦੀ ਸ਼ੁਭ ਸਿੱਖਿਆ ਵੀ ਦਿੰਦੇ ਹਨ ।ਹੁਕਮਨਾਮਿਆਂ ਵਿਚ ਆਏ ਬਹੁਤ ਸਾਰੇ ਨਾਮਧਾਰੀਆਂ ਦੇ ਨਾਂ ਥਾਂ ਇਹਨਾਂ ਦੀ ਇਤਿਹਾਸਕ ਅਮੀਰੀ ਵਿਚ ਵਾਧਾ ਕਰਦੇ ਹਨ । ਹੁਕਮਨਾਮੇ ਨੀਤੀ ਬਚਨਾਂ ਨਾਲ ਵੀ ਭਰਪੂਰ ਹਨ ਜਿਹਾ ਕਿ .

"ਝੂਠ ਮੈ ਫੁਰਤੀ ਚਲਾਕੀ ਤਾਂ ਬਹੁਤ ਹੈ ਪਰ ਦਮ ਨਹੀਂ ਸੱਚ ਬਰਾਬਰ।"
"ਬਾਧਾ ਕਰਨੇ ਤੈਂ ਤਾਂ ਪਾਤਸ਼ਾਹੀਆਂ ਦਾ ਨਾਸ ਹੋਇ ਗਇਆ ਹੈ।"
"ਸਭ ਨੂੰ ਕੁੜੀ ਮੁੰਡੇ ਨੂੰ ਅੱਖਰ ਪੜਾਇ ਦੇਣੇ ਗੁਰਮੁਖੀ।"

# ਮਰਗੋਈ (ਬਰਮਾ-ਮਿਆਂਮਾਰ)



ਜਨਵਰੀ ੧੮੮੧ ਈ: ਮਰਗੋਈ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ
ਭਾਈ ਮੀਂਹਾ ਸਿੰਘ ਸਰਹਾਲੀ ਜੰਗਲਾ ਟੱਪ ਕੇ ਬੰਗਲੇ ਵਿੱਚ ਦਾਖਲ ਹੁੰਦੇ ਹੋਏ



ਮਾਡਲ ਮਰਗੋਈ (ਬਰਮਾ)

੨੧ ਅਕਤੂਬਰ ੧੮੮੦ ਨੂੰ ਰੰਗੂਨ (ਬ੍ਰਿਟਿਸ਼ ਬਰਮਾ) ਤੋਂ 'ਅਨੰਦ' ਨਾਮੀ ਜਹਾਜ਼ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਮਰਗੋਈ ਵਿਖੇ ਪਹੁੰਚਾਏ ਗਏ। ਇੱਥੇ ਆਪ ਪਾਸ ਆਪ ਜੀ ਦੇ ਦਰਸ਼ਨਾਂ ਲਈ ਅਤੇ ਰੂਸ ਸਰਕਾਰ ਦੇ ਪੱਤਰ ਆਪ ਤੱਕ ਪਹੁੰਚਾਉਣ ਲਈ ੧੮੮੧ ਜਨਵਰੀ ਦੇ ਆਖਰੀ ਹਫਤੇ 'ਭਾਈ ਮੀਹਾਂ ਸਿੰਘ ਸਪੁੱਤਰ ਬਾਬਾ ਸ਼ਾਮ ਸਿੰਘ 'ਸਿਰਹਾਲੀ' (ਉਮਰ ੨੭ ਸਾਲ), ਇਕ ਹੋਰ ਸਿੰਘ ਦੇ ਨਾਲ ਪਹੁੰਚੇ। ਮੀਹਾਂ ਸਿੰਘ ਨੇ ਇਹ ਰਾਤ ਸਤਿਗੁਰੂ ਜੀ ਦੇ ਬੰਗਲੇ ਵਿਚ ਹੀ ਬਿਤਾਈ ਅਤੇ ਸੁਬ੍ਹਾ ਪੁਲਿਸ ਉਸ ਨੂੰ ਲੈ ਗਈ। ਸੇਵਕ ਨਾਨੂੰ ਸਿੰਘ ਦੇ ਇਕ ਦਹਾਕੇ ਦੇ ਕਰੀਬ ਲੰਮੇਂ ਬੰਦੀ ਜੀਵਨ ਨੂੰ ਧਿਆਨ ਵਿਚ ਰੱਖਦਿਆਂ, ਸਤਿਗੁਰੂ ਜੀ ਨੇ ਮਰਗੋਈ ਵਿਖੇ ਰਹਿੰਦਿਆਂ, ਉਸ ਨਾਲ ਕੁਝ ਐਸੇ ਕੌਤਕ ਕੀਤੇ ਕਿ ਹਿੰਦ ਸਰਕਾਰ, ਬਰਮਾ ਸਰਕਾਰ ਦੀ ਸਿਫਾਰਿਸ਼ ਤੇ ਉਸ ਦੀ ਰਿਹਾਈ ਦੇ ਆਦੇਸ਼ ਦੇਣ ਲਈ ਮਨਜ਼ੂਰ ਹੋਈ। ਪ੍ਰੰਤੂ ਹਿੰਦ ਸਰਕਾਰ ਦੇ ਸਕੱਤਰ ਨੇ ੧੯ ਅਗਸਤ ੧੮੮੧ ਦੇ ਆਪਣੇ ਪੱਤਰ ਵਿਚ ਬਰਮਾਂ ਦੇ ਚੀਫ ਕਮਿਸ਼ਨਰ ਨੂੰ ਲਿਖਿਆ ਕਿ ਇਹ ਯਕੀਨੀ ਬਣਾਉਣਾ ਕਿ ਨਾਨੂੰ ਸਿੰਘ ਗੁਰੂ ਰਾਮ ਸਿੰਘ ਦਾ ਕੋਈ ਹਸਤ ਲਿਖਤ ਪੱਤਰ ਨਾ ਲੈ ਕੇ ਆਵੇ। ੧੪ ਨਵੰਬਰ ੧੮੮੧ ਨੂੰ ਮੌਲਮੀਨ ਦੇ ਡਿਪਟੀ ਕਮਿਸ਼ਨਰ ਮੇਜਰ ਐਮ. ਫਰਲਾਂਗ ( ਜਿਸ ਦੇ ਅਧੀਨ ਮਰਗੋਈ ਜੇਲ੍ਹ ਦਾ ਪ੍ਰਬੰਧ ਸੀ) ਨੇ ਕਮਿਸ਼ਨਰ ਮੌਲਮੀਨ ਨੂੰ ਲਿਖਿਆ ਕਿ ਪੂਰੀ ਤਲਾਸ਼ੀ ਲੈਣ ਬਾਅਦ, ਨਾਨੂੰ ਸਿੰਘ ਨੂੰ ਅੱਜ ਸਵੇਰੇ ਕਲਕੱਤੇ ਜਾਣ ਵੇਲੇ ਸਟੀਮਰ ਤੇ ਬਿਠਾ ਦਿੱਤਾ ਹੈ। ਕਲਕੱਤੇ ਤੋਂ ਅੱਗੋਂ ਪੁਲਿਸ ਦੀ ਨਿਗਰਾਨੀ ਵਿਚ ਉਹਨਾਂ ਨੂੰ ਪਿੰਡ ਰੁੜਕੀ (ਪਟਿਆਲਾ) ਪੁਚਾ ਦਿੱਤਾ। ੧੮੮੫ ਈ ਤੋਂ ਬਾਅਦ ਸਤਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਰੂ-ਪੋਸ਼ ਹੋ ਗਏ। ਨਾਮਧਾਰੀ ਸੰਗਤ ਵਿਚ ਆਪ ਜੀ ਦੀ ਵਾਪਸੀ ਦੀ ਉਡੀਕ ਉਸ ਦਿਨ ਤੋਂ ਨਿਰੰਤਰ ਬਣੀ ਹੋਈ ਹੈ ਭਾਈ ਮੀਹਾਂ ਸਿੰਘ ਜਦੋਂ ਸਤਿਗੁਰੂ ਜੀ ਦਾ ਦਰਸ਼ਨ ਕਰਨ ਲਈ ਮਰਗੋਈ ਜਿਹਲ ਵਾਲੇ ਬੰਗਲੇ ਦੇ ਧਰ ਅੰਦਰ ਲੰਘ ਗਿਆ ਤਾਂ ਹਜ਼ੂਰੀ ਸੇਵਕ ਨਾਨੂੰ ਸਿੰਘ ਨੇ ਕਿਹਾ, "ਮੀਹਾਂ ਸਿੰਘ' ਇਤਨੀ ਦਿਲ ਵਧੀ ਕੀਤੀ ਊ! ਤੈਨੂੰ ਡਰ ਨਹੀਂ ਲੱਗਾ, ਭਰੀਆਂ ਰਾਈਫਲਾਂ ਅਤੇ ਨੰਗੀਆਂ ਸੰਗੀਨਾਂ ਦੇ ਪਹਿਰੇ ਵਾਲੇ ਬੰਗਲੇ ਵਿਚ ਕੁੱਦ ਆਇਆ ਹੈਂ ਇਕ ਨਾਮਧਾਰੀ ਕਵੀ, ਭਾਈ ਨਿਰੰਜਨ ਸਿੰਘ 'ਮ੍ਰਿਗੇਸ਼' ਦੇ ਸ਼ਬਦਾਂ ਵਿਚ ਮੀਹਾਂ ਸਿੰਘ ਹੋਰਾਂ ਦਾ ਜੁਆਬ ਸੀ:-

ਚੀਨੀ ਵਾਲਤਾ ਸਾਹਮਣੇ ਨਜ਼ਰ ਆਵੇ, ਦਰਸ਼ਨ ਕਰਨ ਦੇ ਵਾਸਤੇ ਝੱਕਣਾ ਕੀ?
ਚੜ੍ਹਿਆ ਨਜ਼ਰ ਆਵੇ ਜੇਕਰ ਚੰਦ ਸੋਹਣਾ, ਤਾਂ ਚਕੋਰ ਨੇ ਵਿੰਹਦਿਆਂ ਥੱਕਣਾ ਕੀ?
ਦਿਸੇ ਸਾਹਮਣੇ ਸ਼ਮ੍ਹਾ ਦੀ ਜੋਤ ਜਗਦੀ, ਤਾਂ ਪਤੰਗ ਨੇ ਸੜਨ ਤੋਂ ਹਟਣਾ ਕੀ?
ਚਾਰੋਂ ਤਰਫ ਬੰਦੂਕ ਦੇ ਹੋਣ ਪਹਿਰੇ, ਰਾਮ ਦਿਸੇ ਸੋਂਹਵੇਂ ਡਰ ਰੱਖਣਾ ਕੀ?

ਫਿਰ ਜਦੋਂ ਮਰਗੋਈ ਦੇ ਡਿਪਟੀ ਕਮਿਸ਼ਨਰ ਨੇ ਪੁੱਛਿਆ ਕਿ ਮੀਹਾਂ ਸਿੰਘ ਤੂੰ ਰਾਜਾ ਰਾਮ ਸਿੰਘ ਪਾਸੋਂ ਕੋਈ ਚਿੱਠੀ ਪੱਤਰੀ ਤਾਂ ਨਹੀਂ ਲਿਆਇਆ ਤਾਂ ਆਪ ਨੇ ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿਚ ਬੜਾ ਦਲੇਰੀ ਭਰਿਆ ਜੁਆਬ ਦਿੱਤਾ ਸੀ-"ਮੈਂ ਤੂ ਹਾਂ ਸਾਵੇ ਤ੍ਰਿੰਨ ਹੱਥ ਦੀ ਚਿੱਠੀ", ਭਾਵ ਮੈਂ ਜਿੱਥੇ ਵੀ ਜਾਵਾਂਗਾ ਸਤਿਗੁਰੂ ਰਾਮ ਸਿੰਘ ਜੀ ਦੇ ਆਦੇਸ਼, ਮੇਰੇ ਸਰੀਰ ਦੇ ਰੋਮ ਰੋਮ ਵਿਚੋਂ ਬੋਲਣਗੇ।

# ਚੁਨਾਰ ਦਾ ਕਿਲ੍ਹਾ (ਉੱਤਰ-ਪ੍ਰਦੇਸ)



ਮਾਡਲ ਚੁਨਾਰ ਦਾ ਕਿਲ੍ਹਾ

ਇਸ ਕਿਲ੍ਹੇ ਵਿਚ ਕਦੇ ਅੰਗਰੇਜ਼ਾਂ ਨੇ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਅਤੇ ਅੰਤਿਮ ਸਿੱਖ ਸਮਰਾਟ ਮਹਾਰਾਜ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੂੰ ਕੈਦ ਰੱਖਿਆ ਸੀ। ਇਸ ਕਿਲ੍ਹੇ ਵਿਚੋਂ ਹੀ ਰਾਤ ਦੇ ਸਮੇਂ ਚੋਰੀ ਨੱਸ ਕੇ ਉਹ ਨੇਪਾਲ ਪੁੱਜ ਗਈ ਸੀ। ਨਾਮਧਾਰੀ ਪੰਥ ਦੇ ਉੱਘੇ ਸੂਬਿਆਂ ਮਾਨ ਸਿੰਘ ਅਤੇ ਹੁਕਮਾਂ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ, ਸਰਕਾਰ ਅੰਗਰੇਜ਼ੀ ਵਿਰੁਧ ਕੰਮ ਕਰਨ ਦੇ ਦੋਸ਼ ਹੇਠ, ਇਸ ਕਿਲ੍ਹੇ ਵਿਚ ਕੈਦ ਕੀਤਾ ਗਿਆ ਸੀ। ਮਾਨ ਸਿੰਘ ਪਿੰਡ ਸੈਦੋਕੇ (ਫਿਰੋਜ਼ਪੁਰ) ਅਤੇ ਹੁਕਮਾ ਸਿੰਘ ਪਿੱਥੋ (ਰਿਆਸਤ ਨਾਭਾ) ਦੇ ਸਨ। ਸਤਿਗੁਰੂ ਜੀ ਜਿਉਂ ਉਹਨਾਂ ਨੂੰ ਵੀ ੧੯੧੮ ਦੇ ਬੰਗਾਲ ਰੈਗੂਲੇਸ਼ਨ ਦੀ ਧਾਰਾ III ਅਧੀਨ ਨਜ਼ਰਬੰਦ ਕੀਤਾ ਗਿਆ ਸੀ ਬਾਕੀ ਸੂਬਿਆਂ ਤੇ ਵੀ ਏਹੋ ਧਾਰਾ ਲਾਈ ਗਈ ਸੀ। ਉਪਰੋਕਤ ਦੋਨਾਂ ਸੂਬਿਆਂ ਦੀ ਚੁਨਾਰ ਕਿਲੇ ਵਿਚ ਨਜ਼ਰਬੰਦੀ ਦੇ ਵਾਰੰਟ, ਹਿੰਦ ਸਰਕਾਰ ਨੇ ੩੧ ਅਕਤੂਬਰ ੧੯੨੨ ਨੂੰ ਜਾਰੀ ਕੀਤੇ। ਦੋਵੇਂ ਸੂਬੇ ੧ ਦਿਸੰਬਰ ੧੯੨੨ ਈ. ਦੀ ਰਾਤ ਨੂੰ ਚੁਨਾਰ ਕਿਲ੍ਹੇ ਵਿਚ ਪਹੁੰਚਾਏ ਗਏ। ੧੯੨੫ ਦੀਆਂ ਗਰਮੀਆਂ ਵਿਚ ਸੂਬਾ ਮਾਨ ਸਿੰਘ ਦੀ ਧਰਮ ਪਤਨੀ ਬੀਬੀ ਜੀਵਨੀ ਆਪ ਨਾਲ ਮੁਲਾਕਾਤ ਕਰਨ ਲਈ ਚੁਨਾਰ ਪੁੱਜੀ। ਪਰ ਸਰਕਾਰ ਨੇ ਮਿਲਣ ਨਾ ਦਿੱਤਾ। ਸੂਬਾ ਸਾਹਿਬ ਸਿੰਘ ਦੀ ਹਜ਼ਾਰੀ ਬਾਗ ਦੀ ਜੇਲ੍ਹ ਵਿਚ ਸ਼ਹੀਦੀ ਤੋਂ ਇਕ ਸਾਲ ਬਾਅਦ, ਸੂਬਾ ਕਾਹਨ ਸਿੰਘ ਚੱਕ ਵਾਲੇ ਮਈ ੧੯੮੦ ਵਿਚ ਉਪਰੋਕਤ ਦੋਨਾਂ ਸੂਬਿਆਂ ਪਾਸ ਚੁਨਾਰ ਵਿਖੇ ਭੇਜ

ਦਿਤੇ ਗਏ। ਸੂਬਾ ਮਾਨ ਸਿੰਘ ਤੇ ਸੂਬਾ ਹੁਕਮਾਂ ਸਿੰਘ ੧੫ਸਾਲ ਤੋਂ ਵੱਧ ਕੈਦ ਕੱਟਣ ਬਾਅਦ ੧੭ ਫਰਵਰੀ ੧੯੮੭ ਨੂੰ ਕਿਲਾ ਚੁਨਾਰ ਤੋਂ ਰਿਹਾ ਕਰ ਦਿੱਤੇ ਗਏ। ਪੰਜਾਬ ਵਿਚ ਉਹ ਨਾ ਭੈਣੀ ਸਾਹਿਬ ਜਾ ਸਕਦੇ ਸਨ, ਨਾ ਆਪਣੇ ਪਿੰਡ (ਜੋ ਉਹਨਾਂ ਲਿਖਿਆ) ਦੀ ਜੂਹ ਤੋਂ ਬਾਹਰ। ਸੂਬਾ ਕਾਹਨ ਸਿੰਘ ਜੀ ਨੂੰ ਵੀ ਏਸੇ ਤਰ੍ਹਾਂ ਇਕੇ ੧੩ ਮਹੀਨੇ ਇਕੱਲਿਆਂ ਬਿਤਾਉਣ ਬਾਅਦ ੩੦ਮਾਰਚ ੧੯੮੮ਈ ਨੂੰ ਰਿਹਾ ਕੀਤਾ ਗਿਆ

ਸੈਦੋਕੇ (ਜ਼ਿਲ੍ਹਾ ਫੀਰੋਜ਼ਪੁਰ) ਦੇ ਸੂਬਾ ਮਾਨ ਸਿੰਘ ਦੀ ਸਿੰਘਣੀ ਬੀਬੀ ਜੀਵਨੀ ਨੂੰ, ਸੂਬਾ ਜੀ ਦੀ ਗਿਰਫਤਾਰੀ ਬਾਅਦ ਪਰਿਵਾਰਿਕ ਤੌਰ ਤੇ ਬਹੁਤ ਮੁਸ਼ਕਿਲਾਂ ਦਰ ਪੇਸ਼ ਆਈਆਂ, ਜਿਹਨਾਂ ਦਾ ਜ਼ਿਕਰ ਬੀਬੀ ਜੀਵਨੀ ਦੇ ਰੀਕਾਰਡ ਵਿਚ ਪਏ ਉਹਨਾਂ ਪੱਤਰਾਂ ਤੋਂ ਮਿਲਦਾ ਹੈ, ਜੋ ਸੂਬਾ ਮਾਨ ਸਿੰਘ ਤੱਕ ਨਹੀਂ ਪਹੁੰਚਾਏ ਗਏ ਚੁਨਾਰ ਕਿਲ੍ਹੇ ਦੇ ਬਾਹਰ ਆਪਣੇ ਪਤੀ ਸੂਬਾ ਜੀ ਨਾਲ ਮੁਲਾਕਾਤ ਦਾ ਦਿਨ ਉਡੀਕਦੀ ਬੀਬੀ ਜੀਵਨੀ ਨੂੰ ਕਿਲੇ ਦੇ ਉੱਚੇ ਲੰਮੇ ਦਰਵਾਜਿਆਂ ਅੱਗੇ ਮਹੀਨਿਆਂ ਬੱਧੀ ਬਹਿ ਬਹਿ ਕੇ ਬਿਨਾਂ ਮਲਾਕਾਤ ਕੀਤਿਆਂ, ਜਦੋਂ ਪੰਜਾਬ ਪਰਤਣਾ ਪਿਆ ਹੋਵੇਗਾ ਤਾਂ ਉਸਦੀ ਵੇਦਨਾ ਦੀਆਂ ਕਿਆਸ ਅਰਾਈਆਂ ਹੀ ਲੂੰ ਕੰਡੇ ਖੜੇ ਕਰ ਦਿੰਦੀਆਂ ਹਨ। ਪਤਾ ਨਹੀਂ ਕਿੰਨੀਆਂ ਮਾਤਾਵਾਂ ਭੈਣਾਂ ਨੇ, ਆਪਣਿਆਂ ਦੇ ਵਿਯੋਗ ਦੇ, ਐਸੇ ਕਿੰਨੇ ਰੰਠ ਝੋਕੇ ਹੋਣਗੇ। ਕੌਮੀ ਆਜ਼ਾਦੀ ਸੰਗਰਾਮ ਵਿਚ, ਕੂਕਿਆਂ ਦੇ ਯੋਗਦਾਨ ਦੀ ਹਿਰਦੇ ਵੇਧਕ ਗਾਥਾ ਨੂੰ, ਭੁਲਾਉਣਾ ਕਿਸੇ ਅਕ੍ਰਿਤਘਣ ਦੇ ਹਿੱਸੇ ਹੀ ਆ ਸੱਕਦਾ ਹੈ। ਸੂਬਾ ਮਾਨ ਸਿੰਘ ਨੇ ਆਪਣੀ ਜ਼ਮੀਨ ਅਤੇ ਗਹਿਣੇ ਵੇਚ ਕੇ ਆਜ਼ਾਦੀ ਸੰਗਰਾਮ ਲਈ ਲਾ ਦਿੱਤੇ ਸਨ ਸੂਬਾ ਮਾਨ ਸਿੰਘ ਨੂੰ ਵੀ ਅੰਗਰੇਜ਼, ਬਗਾਜਵਾਲਾ ਘਟਨਾ ਦਾ ਪ੍ਰੇਰਨਾ ਸਰੋਤ ਮੰਨਦੇ ਸਨ

ਸੂਬਾ ਹੁਕਮਾ ਸਿੰਘ ਦੇ ਭਰਾ ਤੇ ਭਤੀਜੇ ਰਾਇਕੋਟ ਦੇ ਬੁੱਚੜ ਬੱਧ ਸਾਕੇ ਵਿਚ ਫਾਂਸੀ ਲੱਗਣ ਵਾਲੇ ਨਾਮਧਾਰੀ ਸ਼ਹੀਦ ਸਨ। ਸੂਬਾ ਜੀ ਗ੍ਰਹਿਸਤੀ ਨਹੀਂ ਸਨ ਅਤੇ ਆਪ ਹਮੇਸ਼ਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਸਨ ਭਾਂਵੇ ਸ੍ਰੀ ਭੈਣੀ ਸਾਹਿਬ ਹੋਣ ਜਾਂ ਦੌਰੇ ਸਮੇਂ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਵਿਚਰਦੇ ਹੋਣ। ਉਹ ਖੁਸ਼ਖੱਤ ਲੇਖਣੀ ਦੇ ਸੁਆਮੀ ਸਨ ਅਤੇ ਸ੍ਰੀ ਭੈਣੀ ਸਾਹਿਬ ਵਿਹਲੇ ਸਮੇਂ ਵਿਚ, ਆਦਿ ਸ੍ਰੀ ਗਰੰਥ ਸਾਹਿਬ ਦੀਆਂ ਬੀੜਾਂ ਲਿਖਣ ਦਾ ਕਾਰਜ ਵੀ ਕਰਿਆ ਕਰਦੇ ਸਨ।ਹੁਕਮਾ ਸਿੰਘ ਨੂੰ ਸਤਿਗੁਰੂ ਜੀ ਦਾ ਗੁਪਤ ਸਲਾਹਕਾਰ ਸਰਕਾਰ ਸਮਝਦੀ ਸੀ।

# ਅਦਨ (ਯਮਨ)



ਅਦਨ ਦਾ ਕਿਲ੍ਹਾ

ਨੇਪਾਲ ਮਿਸ਼ਨ ਦੇ ਮੁਖੀ ਦਹਾਂ ਸੂਬਿਆਂ ਸੂਬਾ ਕਾਹਨ ਸਿੰਘ ਚੱਕ ਵਾਲਾ ਅਤੇ ਸੂਬਾ ਸਾਹਿਬ ਸਿੰਘ ਬੰਗਾਲੀ ਪੁਰ ਨੂੰ ਨਜ਼ਰਬੰਦ ਕਰਨ ਲਈ ਵਾਰੰਟ ਗਵਰਨਰ ਜਨਰਲ ਇਨ ਕੌਂਸਲ ਨੇ ਫੋਰਟ ਵਿਲਿਅਮ (ਕਲਕੱਤਾ) ਤੋਂ ੧੨ ਫਰਵਰੀ ੧੯੭੩ ਈ ਨੂੰ ਜਾਰੀ ਕੀਤੇ। ਅਲਾਹਾਬਾਦ ਤੋਂ ਉਹਨਾਂ ਨੂੰ ਬੰਬਈ ਪਹੁੰਚਾਇਆ ਗਿਆ। ਇਥੋਂ ਉਹ 'ਮੇਲ ਸਟੀਮਰ ਪੇਸ਼ਾਵਰ' ਦੁਆਰਾ ੨੪ ਮਾਰਚ ੧੯੭੩ ਨੂੰ ਅਦਨ ਪੁਚਾ ਕੇ ਜੇਲ੍ਹ ਵਿਚ ਡੱਕ ਦਿੱਤੇ ਗਏ ਪਿੱਛੇ ਅਲਾਹਾਬਾਦ ਕਿਲ੍ਹੇ ਵਿਚ ਹੁਣ ਸ੍ਰ ਮੰਗਲ ਸਿੰਘ ਬਿਸ਼ਨਪੁਰਾ ਇਕੱਲਾ ਰਹਿ ਗਿਆ ਸੀ ਅਤੇ ਕਿਉਂਕਿ ਉਹ ਰਿਆਸਤ ਪਟਿਆਲਾ ਦਾ ਨਾਗਰਿਕ ਸੀ ਇਸ ਲਈ ਛੇਤੀ ਹੀ ਬਾਅਦ ਵਿਚ ਮਹਾਰਾਜਾ ਪਟਿਆਲਾ ਨੂੰ ਸੌਂਪ ਦਿੱਤਾ ਗਿਆ। ਹੋਰਨਾਂ ਜੇਲ੍ਹਾਂ ਜਿਉਂ ਕੂਕੇ ਸੂਬਿਆਂ ਨੂੰ ਰੱਖਣ ਲਈ ਏਥੇ ਵੀ ਵੱਖਰੀ ਇਮਾਰਤ ਬਣਾਈ ਗਈ ਸੀ ਅਦਨ ਦੀ ਗਰਮੀ ਦੋਹਾਂ ਸੂਬਿਆਂ ਲਈ ਬਰਦਾਸ਼ਤ ਤੋਂ ਬਾਹਰ ਸੀ। ਉਹਨਾਂ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਸਰਕਾਰ ਨੇ ਲਿਖਿਆ ਕਿ ਉੱਤਰੀ ਭਾਰਤ ਦੇ ਦੋਵੇਂ ਨਿਵਾਸੀ ਏਥੋਂ ਬਦਲ ਦਿੱਤੇ ਜਾਣ ਅਦਨ ਤੋਂ ਉਹਨਾਂ ਨੂੰ ੧੯੭੫ ਵਿਚ ਬੰਬਈ ਭੇਜ ਦਿੱਤਾ ਗਿਆ। ਜਿੱਥੋਂ ੨੩ ਅਪ੍ਰੈਲ ੧੯੭੫ ਨੂੰ ਇਕ ਯੋਰਪੀਨ ਇੰਨਸਪੇਕਟਰ ਤੇ ਦੋ ਸਿਪਾਹੀਆਂ ਦੀ ਨਿਗਰਾਨੀ ਹੇਠ ਵਾਇਆ ਅਲਾਹਾਬਾਦ ਹਜ਼ਾਰੀ ਬਾਗ ਲਈ ਰੇਲ ਤੇ ਚੜ੍ਹਾ ਦਿੱਤੇ ਗਏ।

# ਹਜ਼ਾਰੀ ਬਾਗ (ਝਾੜਖੰਡ)



ਹਜ਼ਾਰੀ ਬਾਗ ਜੇਲ੍ਹ



੧੯੭੦ ਈ: ਹਜ਼ਾਰੀ ਬਾਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ [illegible]

ਅਪ੍ਰੈਲ ੧੯੭੫ ਦੇ ਆਖਰੀ ਸਪਤਾਹ ਵਿਚ ਬੰਬਈ ਤੋਂ ਰੇਲ ਰਾਹੀਂ ਕੂਕਾ ਸੁਤੰਤਰਤਾ ਸੰਗਰਾਮੀ ਸੂਬਾ ਕਾਹਨ ਸਿੰਘ ਅਤੇ ਸਾਹਿਬ ਸਿੰਘ, ਹਜ਼ਾਰੀ ਬਾਗ ਜੇਲ੍ਹ ਦੇ ਯੋਰਪੀਨ ਕੈਦੀਆਂ ਨੂੰ ਰੱਖੇ ਜਾਣ ਵਾਲੇ ਹਿੱਸੇ ਵਿਚ ਠਹਿਰਾਏ ਗਏ। ਦੋਹਾਂ ਨੂੰ ਅਦਨ ਤੋਂ ਖਰਾਬ ਸਿਹਤ ਕਰਕੇ ਵਾਪਿਸ ਹਿੰਦੋਸਤਾਨ ਲਿਆਉਣਾ ਪਿਆ ਸੀ। ਨਾਮਧਾਰੀ

ਸਿੰਘਾਂ ਦੇ ਤਤਕਾਲੀ ਆਗੂਆਂ ਤੋਂ ਸਰਕਾਰ ਅੰਗ੍ਰੇਜ਼ੀ ਕਿੰਨੀ ਭੈ-ਭੀਤ ਸੀ ਕਿ ਸੂਬਾ ਜਵਾਹਰ ਸਿੰਘ, ਬ੍ਰਹਮਾ ਸਿੰਘ, ਲੱਖਾ ਸਿੰਘ ਦੇਸ਼ ਤੋਂ ਬਾਹਰ ਪੂਰਬ ਦਿਸਾ ਵਿਚ ਭੇਜੇ ਗਏ ਅਤੇ ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਨੂੰ ਦੇਸ਼ ਤੋਂ ਕੱਢਣ ਲਈ ਪੱਛਮ ਦਿਸ਼ਾ ਚੁਣੀ ਗਈ। ਇਕ ਸ਼ਹਿਰ ਜਾਂ ਇਕ ਪ੍ਰਾਂਤ ਜਾਂ ਇਕ ਮੁਲਕ ਛੱਡੋ, ਕੂਕਾ ਸੂਬਿਆਂ ਨੂੰ ਇਕ ਦਿਸ਼ਾ ਵਿਚ ਭੇਜਣ ਦਾ ਖਤਰਾ ਵੀ ਸਰਕਾਰ ਬਰਤਾਨੀਆਂ ਨਹੀਂ ਉਠਾ ਸਕਦੀ। "ਕੂਕਾ ਪੋਸਟਲ ਸਰਵਿਸ" ਦੇ ਮੁਖੀ ਊਰਜਾ-ਵਾਨ ਸੂਬਾ ਸਾਹਿਬ ਸਿੰਘ ਦੀ ਪ੍ਰਬੰਧ ਕੁਸ਼ਲਤਾ ਅਤੇ ਸਰਕਾਰ ਵਿਰੋਧੀ ਅੰਦੋਲਨ ਸੰਚਾਲਿਤ ਕਰਨ ਦੀ ਸਮਰੱਥਾ ਤੋਂ ਅੰਗ੍ਰੇਜ਼ ਹਾਕਮ ਸਦਾ ਭੈ-ਭੀਤ ਰਹਿੰਦੇ ਸਨ। ਇਸੇ ਲਈ ਉਹਨਾਂ ਲਈ ਪਹਿਲਾਂ ਅਦਨ ਵਰਗਾ ਉਹ ਇਲਾਕਾ ਚੁਣਿਆ ਜਿਸ ਦੇ ਬਸ਼ਿੰਦਿਆਂ ਨਾਲ ਉਹਨਾਂ ਦੀ ਕੋਈ ਧਾਰਮਿਕ ਸਾਂਝ ਵੀ ਨਹੀਂ ਸੀ। ੨੧ ਮਈ ੧੮੭੫ ਨੂੰ ਹਜ਼ਾਰੀ ਬਾਗ਼ ਦੇ ਸਿਵਲ ਸਰਜਨ ਨੇ ਜਿਹਲ ਸੁਪਰਿਨਟੈਂਡੈਂਟ ਦੇ ਨਾਮ ਪੱਤਰ ਵਿਚ, ਸਾਹਿਬ ਸਿਘ ਦੇ ਉਸ ਸ਼ੱਕਰ ਰੋਗ ਤੋਂ ਪੀੜਿਤ ਹੋਣ ਬਾਰੇ ਲਿਖਿਆ ਜਿਸ ਦੇ ਇਲਾਜ ਦੁਆਰਾ ਠੀਕ ਹੋਣ ਦੀ ਬਹੁਤ ਘੱਟ ਸੰਭਾਵਨਾ ਸੀ। ੧੮੭੮ ਦੇ ਪਹਿਲੇ ਮਹੀਨਿਆਂ ਵਿਚ ਜਿਹਲਾਂ ਦੇ ਆਈ.ਜੀ. ਨੂੰ ਹਜ਼ਾਰੀ ਬਾਗ਼ ਵਾਲੇ ਨਾਮਧਾਰੀ ਸੂਬਿਆਂ ਨੇ, ਉਹਨਾਂ ਨੂੰ ਬ੍ਰਿਟਿਸ਼ ਬਰਮਾ ਵਿਚ ਭੇਜਣ ਬਾਰੇ ਕਿਹਾ ਸੀ ਪ੍ਰੰਤੂ ਲਾਟ ਪੰਜਾਬ ਨੇ ੨੫ ਜੁਲਾਈ ੧੮੭੮ ਨੂੰ ਇਹ ਰਾਇ ਭੇਜੀ ਕਿ ਸਾਹਿਬ ਸਿੰਘ ਦਾ ਇਸ ਪੰਥ ਵਿਚ ਗੁਰੂ ਰਾਮ ਸਿੰਘ ਜੀ ਤੋਂ ਬਾਅਦ (ਰਾਜਨੀਤਿਕ ਪ੍ਰਭਾਵ ਵਜੋਂ) ਦੂਜਾ ਸਥਾਨ ਹੈ ਅਤੇ ਕਾਹਨ ਸਿੰਘ ਵੀ ਬਹੁਤ ਕੱਟੜ ਤੇ ਊਰਜਾ-ਵਾਨ ਕੂਕਾ ਆਗੂ ਹੈ ਸੋ ਇਹਨਾਂ ਨੂੰ ਹਜ਼ਾਰੀ ਬਾਗ਼ ਜਿਹਲ ਦੀਆਂ ਕੰਧਾਂ ਤੋਂ ਬਾਹਰ ਖੁੱਲ੍ਹੇ ਘੁੰਮਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਤਾਂ ਜੁ ਉਹ ਆਪਣੇ ਪੰਜਾਬ ਵਿਚਲੇ ਦੋਸਤਾਂ ਨਾਲ ਪੱਤਰ ਵਿਹਾਰ, ਨਾ ਸ਼ੁਰੂ ਕਰ ਸੱਕਣ। ਮੈਕਨੇਬ ਨੇ ਆਪਣੀ ਰੀਪੋਰਟ ਵਿਚ ਦੋਹਾਂ ਸੂਬਿਆਂ ਨੂੰ ਬਗ਼ਾਵਤ ਦਾ ਪ੍ਰਚਾਰ ਅਤੇ ਸਿੱਖ ਰਾਜ ਦੀ ਪੁਨਰ ਸਥਾਪਨਾ ਲਈ ਕੰਮ ਕਰਨ ਦੇ ਦੋਸ਼ ਹੇਠ, ਉਮਰ-ਭਰ ਪੰਜਾਬ ਤੋਂ ਬਾਹਰ ਰੱਖਣ ਦੀ ਸਜ਼ਾ ਤਜਵੀਜ਼ ਕੀਤੀ ਸੀ। ਖਰਾਬ ਸਿਹਤ ਦੇ ਬਾਵਜੂਦ ਸਰਕਾਰ ਕੂਕਾ ਕੈਦੀਆਂ ਲਈ, ਖੁੱਲ੍ਹੇ ਘੁੰਮਣ ਦੀ ਛੋਟ ਵੀ ਨਾ ਦੇ ਸਕੀ। ਸੋ ਸੂਬਾ ਸਾਹਿਬ ਸਿੰਘ ਜੀ ੧੦ ਜੂਨ ੧੮੭੯ ਨੂੰ ਇਸੇ ਜਿਹਲ ਵਿਚ ਆਪਣਾ ਠੀਕਰਾ ਜ਼ਾਲਮ ਗੋਰਾ ਸ਼ਾਹੀ ਦੇ ਸਿਰ ਭੰਨ ਕੇ ਅੰਤਿਮ ਫਤੇਹ ਬੁਲਾ ਗਏ। ਸੂਬਾ ਕਾਹਨ ਸਿੰਘ ਹੋਰਾਂ ਨੂੰ ਜਿਹੜੇ ਯੋਰਪੀਨ ਜਿਹਲ ਦੀਆਂ ੧੬ ਕੋਠੜੀਆਂ ਵਿਚ, ੨੦ ਸਾਲ ਤੋਂ ਉੱਪਰ ਉਮਰ ਦੇ ਇਕੱਲੇ ਕੈਦੀ ਰਹਿ ਗਏ ਸਨ, ਨੂੰ ਮਈ ੧੮੯੦ ਵਿਚ ਇੱਥੋਂ ਚੁਨਾਰ ਦੇ ਕਿਲ੍ਹੇ ਵਿਚ ਬੰਦ, ਦੋਹਾਂ ਕੂਕਾ ਸੂਬਿਆਂ ਪਾਸ ਭੇਜ ਦਿੱਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹਜ਼ਾਰੀ ਬਾਗ਼ ਵਿਖੇ, ਸੂਬਾ ਸਾਹਿਬ ਸਿੰਘ ਹੋਰਾਂ ਦੀ ਸਹੀਦੀ ਸ਼ਤਾਬਦੀ ਮਨਾਕੇ, ਉਹਨਾਂ ਦਾ ਸ਼ਹੀਦੀ ਦਿਨ ਵੀ, ਹਰ ਵਰ੍ਹੇ ਮਨਾਉਣਾ ਅਰੰਭਿਆ ਹੈ। ਹਜ਼ਾਰੀ ਬਾਗ਼ ਵਿਖੇ ਇਕ ਸੜਕ ਦਾ ਨਾਮ ਸਰਕਾਰ ਤੋਂ ਸੂਬਾ ਸਾਹਿਬ ਸਿੰਘ ਮਾਰਗ ਰਖਵਾਇਆ ਗਿਆ ਅਤੇ ਆਪ ਦੀ ਯਾਦ ਵਿਚ ਇੱਥੇ ਹੀ ਨਾਮ ਸਿਮਰਨ ਦੀ ਅਖੰਡ ਵਰਨੀ ਅਰੰਭੀ ਗਈ ਹੈ।

# ਗੜ੍ਹੀ ਅਸੀਰਗੜ੍ਹ (ਮਹਾਂਰਾਸ਼ਟਰ)



ਮਾਡਲ ਗੜ੍ਹੀ ਅਸੀਰਗੜ੍ਹ

ਇਹ ਬੰਬਈ ਪ੍ਰੈਜੀਡੈਂਸੀ ਵਿਚ ਪੈਂਦੀ ਸੀ। ਸੂਬਾ ਰੂੜ ਸਿੰਘ ਬੰਗਾਲੀ ਪੁਰ (ਸੂਬਾ ਸਾਹਿਬ ਜੀ ਦੇ ਸਕੇ ਭ੍ਰਾਈ), ਸੂਬਾ ਮਲੂਕ ਸਿੰਘ ਫੂਲੇਵਾਲਾ ਅਤੇ ਸੂਬਾ ਪਹਾੜਾ ਸਿੰਘ ਮਲੌਦ, ਅਲਾਹਾਬਾਦ ਕਿਲ੍ਹੇ ਤੋਂ ੧੫ ਦਿਸੰਬਰ ੧੮੭੨ ਨੂੰ ਅਸੀਰਗੜ੍ਹ ਦੀ ਗੜ੍ਹੀ ਵਿਚ ਪੁੱਜੇ। ਉਹ ਇਸ ਛੋਟੇ ਦੁਰਗ ਦਾ ਪ੍ਰਬੰਧ ਕਰਨ ਵਾਲੇ, ਸੈਨਿਕ ਅਧਿਕਾਰੀ ਦੀ ਨਿਗਰਾਨੀ ਹੇਠ ਰੱਖੇ ਗਏ ਕਿਉਂਕਿ ਭੁੰਜੇ ਸਾਉਣ ਨਾਲ ਛਾਤੀ ਅਤੇ ਜੋੜਾਂ ਵਿਚ ਤਕਲੀਫ ਬਾਰੇ ਸੈਨਿਕ ਡਾਕਟਰ ਨੇ ਲਿਖਿਆ ਸੀ, ਕੁਝ ਮਹੀਨਿਆਂ ਬਾਅਦ ਉਹਨਾਂ ਨੂੰ ਮੰਜੇ ਦੇ ਦਿੱਤੇ ਗਏ। ੨ ਮਾਰਚ ੧੮੮੨ ਨੂੰ ਸੂਬਾ ਪਹਾੜਾ ਸਿੰਘ ਚਲਾਣਾ ਕਰ ਗਏ। ਸੂਬਾ ਰੂੜ ਸਿੰਘ ਵੀ ੧੮੮੪ਈ ਦੀ ਆਖਰੀ ਤਿਮਾਹੀ ਵਿਚ ਚੱਲ ਵੱਸਿਆ ਸੂਬਾ ਮਲੂਕ ਸਿੰਘ ਨੂੰ ੧੭ ਜਨਵਰੀ ੧੮੮੭ ਨੂੰ ਰਿਹਾ ਕਰ ਕੇ ਫਿਰੋਜ਼ਪੁਰ ਲਈ ਰੇਲ ਤੇ ਬਿਠਾ ਦਿੱਤਾ ਗਿਆ ਅਤੇ ਇਹ ਵੀ ਦੱਸ ਦਿੱਤਾ ਕਿ ਜ਼ਿਲਾ ਮੈਜਿਸਟ੍ਰੇਟ ਦੀ ਲਿਖਤ ਮੰਨਜ਼ੂਰੀ ਬਿਨਾਂ ਆਪਣੇ ਪਿੰਡ ਦੀ ਜੂਹ ਵਿਚੋਂ ਬਾਹਰ ਨਹੀਂ ਜਾਣਗੇ। ਲੱਗਭਗ ੧੪ਵਰ੍ਹੇ ਇਹ ਛੋਟਾ ਕਿਲ੍ਹਾ, ਬੰਦੀ ਕੂਕਾ ਸੂਬਿਆਂ ਦੇ, ਸੁਬਹਾ ਸ਼ਾਮ ਦੇ ਨਿਤਨੇਮ ਪਾਠ ਬਾਅਦ ਜੈਕਾਰਿਆਂ ਨਾਲ ਗੂੰਜਦਾ ਰਿਹਾ।

ਸੂਬਾ ਮਲੂਕ ਸਿੰਘ ਫੂਲੇਵਾਲਾ (ਜ਼ਿਲ੍ਹਾ ਫਿਰੋਜ਼ਪੁਰ) ਨੂੰ ਬਰਾਜਵਾਲਾ ਵਿਚ ਕੂਕਿਆਂ ਦੁਆਰਾ ਫਰਵਰੀ ੧੮੬੯ਈ ਵਿਚ ਕੀਤੀ ਗਈ ਬਗਾਵਤ ਦੀ ਘਟਨਾ ਵਿਚ ਇਸ ਬਗਾਵਤ ਦੇ ਆਗੂ ਭਾਈ ਮਸਤਾਨ ਸਿੰਘ ਉਰਫ ਸਮੁੰਦ ਸਿੰਘ ਦੁਆਰਾ ਉਸ ਦੀ ਧਾਰਮਿਕ ਸੱਤਾ ਹਥਿਆਏ ਜਾਣ ਦਾ ਜ਼ਿਕਰ ਰੀਕਾਰਡ ਵਿਚ ਬੇਸ਼ਕ ਹੈ, ਪ੍ਰੰਤੂ ਫਿਰ ਵੀ

ਸਰਕਾਰ ਕਿਸੇ ਨਾ ਕਿਸੇ ਤਰ੍ਹਾਂ ਸ਼ੱਕ ਮਲੂਕ ਸਿੰਘ ਤੇ ਵੀ ਕਰਦੀ ਰਹੀ। ਉਹਨਾਂ ਬਾਰੇ ਇਹ ਜ਼ਿਕਰ ਵੀ ਮਿਲਦਾ ਹੈ ਕਿ ਉਹਨਾਂ ਨੇ ਆਪਣੇ ਹਿੱਸੇ ਦੀ ਭੂਮੀ ਤਿੰਨਾਂ ਭਰਾਵਾਂ ਨੂੰ ਦੇ ਦਿੱਤੀ ਸੀ ਅਤੇ ਆਪ ਹਰ ਛਿਮਾਹੀ ਮੁਕਤਸਰ ਅਤੇ ਫਾਜ਼ਿਲਕਾ ਤਹਿਸੀਲ ਦੀਆਂ ਸੰਗਤਾਂ ਸਮੇਤ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਇਆ ਕਰਦੇ ਸਨ। ਉਹ ਆਪਣੇ ਇਲਾਕੇ ਵਿਚੋਂ ਮਜ਼ਦੂਰ ਲਿਆ ਕੇ ਸਰਹਿੰਦ ਨਹਿਰ ਦੀ ਪੁਟਾਈ ਦਾ ਕੰਮ ਵੀ ਕਰਿਆ ਕਰਦੇ ਸਨ। ਉਹਨਾਂ ਨੂੰ ਗ੍ਰਿਫਤਾਰੀ ਸਮੇਂ ਸਰਹਿੰਦ ਨਹਿਰ ਤੋਂ ਹੀ ਸੌਂਦਿਆ ਗਿਆ ਸੀ। ਪਿੰਡ ਫੂਲੇਵਾਲ ਦੇ ਲੋਕਾਂ ਵਿਚ ਅਜੇ ਵੀ ਉਹਨਾਂ ਦੀ ਬਹੁਤ ਮਾਨਤਾ ਹੈ

ਸੂਬਾ ਪਹਾੜਾ ਸਿੰਘ "ਮਲੌਦ" ਜ਼ਿਲ੍ਹਾ ਲੁਧਿਆਣਾ ਦੇ ਸਨ ਸਰਕਾਰੀ ਰੀਕਾਰਡ ਵਿਚ ਦਰਜ ਹੈ ਕਿ ਅੰਮ੍ਰਿਤਸਰ ਬੁੱਚੜ ਬੰਧ ਦੇ ਸਾਕੇ ਲਈ ਨਾਮਧਾਰੀ ਸਿੰਘਾਂ ਨੂੰ ਤਿਆਰ ਕਰਨ ਦੇ ਕੰਮਾਂ ਵਿਚ ਸੂਬਾ ਪਹਾੜਾ ਸਿੰਘ ਨੇ ਯੋਗਦਾਨ ਦਿਤਾ ਭਾਂਵੇ ਇਹ ਯੋਗਦਾਨ ਉਹ ਆਪਣੇ ਤੋਂ ਪਰਮੁੱਖ ਸੂਬਾ ਬ੍ਰਹਮਾ ਸਿੰਘ ਦੇ ਨਿਰਦੇਸ਼ਨ ਹੇਠ ਉਹਨਾਂ ਨੂੰ ਪਰਦੇ ਦੇ ਪਿਛੇ ਰੱਖ ਕੇ ਪਾਉਂਦਾ ਰਿਹਾ । ੧੮੭੨ ਈ ਦੀ ਮਾਘੀ ਮੇਲੇ ਸਮੇਂ ਸ੍ਰੀ ਭੈਣੀ ਸਾਹਿਬ ਮਸਤਾਨੇ ਦਲ ਵੱਲੋਂ ਹੁੰਦੀਆਂ ਯੋਜਨਾਬੰਦੀਆਂ ਵਿਚ ਵੀ ਉਸਦੀ ਸਰਗਰਮੀ ਨੋਟ ਕੀਤੀ ਗਈ ਅਤੇ ਮਲੌਦ ਦੇ ਸ੍ਰ. ਬਦਨ ਸਿੰਘ ਤੇ ਹੋਏ ਹਮਲੇ ਲਈ ਵੀ ਮਲੌਦ-ਨਿਵਾਸੀ ਸੂਬਾ ਪਹਾੜਾ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਸੂਬਾ ਰੂੜ ਸਿੰਘ ਹੋਰਾਂ ਨੂੰ ਵੀ ਕਰਨਲ ਈ. ਸੀ ਬੇਲੀ ਦੀ ਰੀਪੋਰਟ ਵਿਚ, ਅੰਮ੍ਰਿਤਸਰ ਬੁੱਚੜ ਬੱਧ ਸਾਕਿਆਂ ਵਾਲੇ ਸਿੰਘਾਂ ਦਾ ਮੁੱਖ ਸਲਾਹਕਾਰ ਲਿਖਿਆ ਹੈ । ਦੂਜੀ ਇਸ ਦੀ ਖੂਬੀ ਇਹ ਹੈ ਕਿ ਇਹ ਸਤਿਗੁਰੂ ਜੀ ਦੇ ਸਿਆਸੀ ਉਤਰਾਧਿਕਾਰੀ, ਸਾਹਿਬ ਸਿੰਘ ਸੂਬੇ ਦਾ ਭਰਾ ਹੈ । ਮਾਘੀ ੧੮੭੨ ਦੇ ਮੇਲੇ ਤੋਂ ਇਹ ੧੯ ਕੂਕਿਆਂ ਸਮੇਤ ਅੰਮ੍ਰਿਤਸਰ ਨੂੰ ਤੁਰਿਆ ਕਿ ਜੇ ਮਲੇਰਕੋਟਲੇ ਵਾਲੇ ਕੂਕੇ ਸਫਲ ਹੋ ਗਏ ਤਾਂ ਇਹ ਮਾਝੇ ਵਿਚੋਂ ਕੂਕਿਆਂ ਦੇ ਵੱਡੇ ਜਥੇ ਨਾਲ ਉਹਨਾਂ ਨੂੰ ਆ ਮਿਲੇਗਾ।

# ਲਾਹੌਰ ਦਾ ਕਿਲ੍ਹਾ (ਪੰਜਾਬ-ਪਾਕਿਸਤਾਨ)



ਲਾਹੌਰ ਦਾ ਕਿਲ੍ਹਾ

ਲਾਹੌਰ ਦਾ ਕਿਲ੍ਹਾ ਸਾਂਝੇ ਪੰਜਾਬੀ ਰਾਜ ਦੇ ਉਸ ਮਹਾਰਾਜਾ ਰਣਜੀਤ ਸਿੰਘ ਦੀ ਸੱਤਾ ਦਾ ਚਿੰਨ੍ਹ ਸੀ, ਜਿਸ ਦੀ ਸੈਨਾ ਵਿਚ ਸਤਿਗੁਰੂ ਰਾਮ ਸਿੰਘ ਜੀ ਭਰਤੀ ਹੋ ਕੇ ੧੮੩੬ ਤੋਂ ੧੮੪੫ ਈ ਤੱਕ ਰਹੇ ਸਨ। ਇਸੇ ਹੀ ਕਿਲ੍ਹੇ ਵਿਚ ਮਹਾਰਾਜਾ ਸ਼ੇਰ ਸਿੰਘ ਜੀ ਦੇ ਸਮੇਂ ਸਿੱਖ ਬੁਰਸ਼ਾਗਰਦੀ ਬਾਰੇ ਆਪ ਦੇ ਸੋਝੀ ਭਰੇ ਭਵਿੱਖਤ ਵਾਕਾਂ ਕਾਰਨ ਆਪ ਜੀ ਨੂੰ ਕੁਝ ਸਮਾਂ ਨਜ਼ਰਬੰਦ ਵੀ ਕੀਤਾ ਗਿਆ ਸੀ ਇਸ ਕਿਲ੍ਹੇ ਵਿਚ ਮਹਾਰਾਣੀ ਜਿੰਦ ਕੌਰ ਦੇ ਦੀਵਾਨ ਸ੍ਰ ਬੂਟਾ ਸਿੰਘ ਨੂੰ ਵੀ ਅਲਾਹਾਬਾਦ ਦੇ ਕਿਲ੍ਹੇ ਵਿਚ ਸੱਤ ਵਰ੍ਹੇ ਕੈਦ ਕਟਾਉਣ ਤੋਂ ਪਹਿਲਾਂ ਬੰਦੀ ਬਣਾਇਆ ਗਿਆ ਸੀ। ਦੀਵਾਨ ਸਾਹਿਬ ਲਾਹੌਰ ਦੀ ਨਾਮਧਾਰੀ ਸੰਗਤ ਦੇ ਉੱਘੇ ਆਗੂ ਸਨ ਤੇ ਕਈ ਸ਼ਹਿਰਾਂ ਵਿਚ ਛਾਪੇਖਾਨੇ ਚਲਾਉਂਦੇ ਸਨ। ਮਲਕਾ ਵਿਕਟੋਰੀਆ ਲਈ ਤਾਜ ਬਣਾਉਣ ਦੀ ਪੇਸ਼ਕਸ਼ ਜਦੋਂ ਇਕ ਨਾਮਧਾਰੀ ਭਾਈ ਬਿਸ਼ਨ ਸਿੰਘ ਸੁਨਿਆਰੇ ਨੇ ਇਹ ਕਹਿ ਕੇ ਠੁਕਰਾਈ ਕਿ ਜਿਹੜੇ ਹੱਥਾਂ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਸ਼ਹਿਜ਼ਾਦਿਆਂ ਦੇ ਤਾਜ ਬਣਾਏ ਹੋਣ ਉਹ ਮਲਕਾ ਦਾ ਤਾਜ ਨਹੀਂ ਬਣਾ ਸਕਦੇ ਤਾਂ ਆਪ ਦੇ ਖ਼ਿਲਾਫ਼ ਕਰਜ਼ੇ ਦੇ ਝੂਠੇ ਕੇਸ ਵਿਚ ਇਕ ਅਦਾਲਤ ਨੇ ਡਿਗਰੀ ਕਰ ਦਿੱਤੀ। ਆਪ ਨੇ ਉਸ ਕੋਰਟ ਦਾ ਜੱਜ ਸਲੋਤਰ ਮਾਰ ਕੇ ਇਹ ਕਹਿ ਕੇ ਮਾਰ ਦਿੱਤਾ ਕਿ ਸਤਿਗੁਰੂ ਰਾਮ ਸਿੰਘ ਦੇ ਹੁਕਮ ਨਾਲ "ਝੂਠੇ ਰਾਜੇ ਪਰਜਾ ਦੀ ਸਫ਼ ਉਠਾ ਦੇਣੀ ਹੈ " ਉਹ ਫਾਂਸੀ ਦੇ ਕੇ ੩੦ ਅਗਸਤ ੧੮੭੧ ਨੂੰ ਸ਼ਹੀਦ ਕੀਤੇ ਗਏ. ਉਹਨਾਂ ਨੂੰ ਵੀ ਇਸੇ ਕਿਲ੍ਹੇ ਵਿਚ ਰੱਖਿਆ ਗਿਆ ਸੀ ੨੦ਵੀਂ ਸਦੀ ਵਿਚ ਪ੍ਰਸਿੱਧ ਕੂਕਾ ਤੇ ਕਾਂਗਰਸ ਆਗੂਆਂ ਸੰਤ ਨਿਧਾਨ ਸਿੰਘ ਆਲਮ ਤੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਵੀ ਅਨੇਕ ਦਫ਼ਾ ਉਹਨਾਂ ਦੇ ਸਾਥੀਆਂ ਸਮੇਤ ਲਾਹੌਰ ਦੇ ਕਿਲ੍ਹੇ ਵਿਚ ਰੱਖਿਆ ਗਿਆ ਸੀ।

# ਅੰਡੇਮਾਨ ਦੀ ਸੈਲੂਲਰ ਜੇਲ੍ਹ (ਅੰਡੇਮਾਨ ਨਿਕੋਬਾਰ-ਭਾਰਤ)



ਅੰਡੇਮਾਨ ਦੀ ਸੈਲੂਲਰ ਜੇਲ੍ਹ (ਕਾਲੇਪਾਣੀ)

ਅੰਡੇਮਾਨ ਦੀ ਸੈਲੂਲਰ ਜੇਲ੍ਹ ਜਿਸ ਨੂੰ ਕਾਲ ਪਾਣੀ ਵੀ ਕਿਹਾ ਜਾਂਦਾ ਸੀ ਬਹੁਤ ਸਾਰੇ ਦੇਸ਼ ਭਗਤਾਂ ਨੇ ਆਪਣੀਆਂ ਜਵਾਨੀਆਂ ਕਾਲੇਪਾਣੀ ਦੀ ਜੇਲ੍ਹ ਦੀਆਂ ਮੁਸ਼ੱਕਤਾਂ ਨਾਲ ਦੋ-ਚਾਰ ਹੁੰਦਿਆਂ ਕੁਰਬਾਨ ਕੀਤੀਆਂ। ਜਦੋਂ ਗਏ ਸਨ ਉਦੋਂ ਕਾਲੇ ਕੇਸ ਸਨ, ਤੇ ਜਦੋਂ ਆਏ ਤਾਂ ਚਿੱਟੇ ਕੇਸ ਹੋਣ ਕਾਰਨ ਬਾਬੇ ਬਣ ਗਏ ਸਨ ਉਹ ਸਾਰੇ "ਗਦਰੀ ਬਾਬੇ" ਤਾਂਹੀ ਅਖਵਾਏ ਸਨ। ਉਹਨਾਂ ਦੇ ਮੁਖੀ ਸੰਤ ਕੇਸਰ ਸਿੰਘ ਮੁਹਾਵੇ ਵਾਲਿਆਂ ਤੋਂ ਨਾਮਧਾਰੀ ਬਣਨ ਵਾਲੇ ਬਾਬਾ ਸੋਹਣ ਸਿੰਘ ਭਕਨਾ ਸਨ। ਪ੍ਰੰਤੂ ੧੯ਵੀਂ ਸਦੀ ਦੇ ਕੂਕੇ ਸੰਗਰਾਮੀਆਂ ਨੂੰ ਇਹਨਾਂ ਕਾਲੇ ਪਾਣੀਆਂ ਵਿਚੋਂ ਵਾਪਸ ਵਤਨ ਪਰਤਣਾ ਨਾ ਮਿਲਿਆ। ਇਹ ਕੂਕੇ ਜਿਹੜੇ ਕਾਲੇ ਪਾਣੀ ਵਿਚ ਹੀ ਕੈਦ ਕੱਟਦੇ-ਕੱਟਦੇ ਸ਼ਹੀਦ ਹੋ ਗਏ, ਨਿਮਨਲਿਖਤ ਸਨ। ਅੰਮ੍ਰਿਤਸਰ ਸਾਕੇ ਦੇ ਸ਼ਹੀਦ ੧. ਸੰਤ ਲਹਿਣਾ ਸਿੰਘ ਪੁੱਤਰ ਮਸੌਂਦਾ ਸਿੰਘ, ੨. ਸੰਤ ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ ੩. ਸਿਪਾਹੀ ਲਾਲ ਸਿੰਘ ਭਰੋਵਾਲ। ਮਲੌਦ ਵਾਲੇ ਚਾਰ ਫੱਟੜ ਜੋ ਕਾਲੇਪਾਣੀ ਵਿਚ ਸਹੀਦ ਹੋਏ ੧ ਸੰਤ ਭਗਵਾਨ ਸਿੰਘ ਪੁੱਤਰ ਰਾਮ ਸਿੰਘ (ਪਿੰਡ ਨੰਗਲ, ਰਿਆਸਤ-ਪਟਿਆਲਾ) ੨ ਸੰਤ ਗਿਆਨ ਸਿੰਘ ਪੁੱਤਰ ਦੂੱਲਾ ਸਿੰਘ (ਪਿੰਡ ਫੂਲੇਰੀ, ਰਿਆਸਤ-ਪਟਿਆਲਾ) ੩. ਸੰਤ ਥੰਮਣ ਸਿੰਘ ਪੁੱਤਰ ਅਲਬੇਲ ਸਿੰਘ (ਪਿੰਡ ਫੂਲੇਰੀ, ਰਿਆਸਤ-ਪਟਿਆਲਾ) ੪. ਸੰਤ ਮੇਹਰ ਸਿੰਘ ਪੁੱਤਰ ਗੁਲਾਬ ਸਿੰਘ (ਪਿੰਡ ਅਲਾਵਲਪੁਰ, ਜ਼ਿਲ੍ਹਾ ਜਲੰਧਰ)। ਸਾਕਾ ਮੋਰਿੰਡਾ ਜਾਂ ਬਾਗਾਂਵਾਲਾ ਦੇ ਸਿੰਘ ਜੋ ਕਾਲੇ ਪਾਣੀ ਤੋਂ ਨਹੀਂ ਮੁੜੇ। ਇਥੇ ਬਾਗਾਂਵਾਲੇ ਦੇ

ਬੁੱਚੜਖਾਨੇ ਤੇ ਸਿੰਘਾਂ ਨੇ ੫ ਜੁਲਾਈ ੧੮੭੧ ਨੂੰ ਹੱਲਾ ਬੋਲਿਆ ਸੀ। ਇਸ ਵਿਚ ਇਕ ਚੌਂਕੀਦਾਰ ਮਾਰਿਆ ਗਿਆ ਸੀ, ਇਹ ਜੋ ਸੰਤ ਖੇਤਲ ਸਿੰਘ ਗਰੇਵਾਲ (ਰਾਏਪੁਰ, ਜਿਲ੍ਹਾ-ਲੁਧਿਆਣਾ) ਇਹ ਕਾਲੇ ਪਾਣੀ ਗਏ ਜਿਹੜੇ ਵਾਪਸ ਨਹੀਂ ਆਏ। ਅਤਰ ਸਿੰਘ ਕੋਠੇ ਕਾ, ਥੰਮਣ ਸਿੰਘ ਦੁਗੜੀ ਕਾ ਰੂ-ਪੋਸ਼ ਹੋ ਕੇ ਨੇਪਾਲ ਚਲੇ ਗਏ ਸਨ, ਇਸੇ ਬਾਗਾਂਵਾਲੇ ਦੇ ਕੇਸ ਵਿਚ।ਅੰਡੇਮਾਨ ਜੇਲ੍ਹ ਦੀ ਹੀ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਇਕ ਹੋਰ ਪ੍ਰਸਿੱਧ ਘਟਨਾ ਹੈ ਕਿ ਜਦੋਂ ਉਸ ਸਮੇਂ ਹਿੰਦ ਦਾ ਗਵਰਨਰ ਜਨਰਲ ਲਾਰਡ ਮਿਓ ਸੀ ਅਤੇ ਉਸਦੀ ਯੋਜਨਾ ਇਹਨਾਂ ਸਾਰਿਆਂ ਨੂੰ ਫਾਂਸੀ ਲਾ ਕੇ ਸ਼ਹੀਦ ਕਰਨ ਦੀ ਸੀ ਤਾਂ ਉਹਨਾਂ ਦਿਨਾਂ ਵਿਚ ਹੀ ਇਥੇ ਅੰਡੇਮਾਨ ਜੇਲ੍ਹ ਦਾ ਮੁਆਇਨਾ ਕਰਨ ਆਇਆ, ਸਮੁੰਦਰੀ ਜਹਾਜ਼ ਤੋਂ ਉਤਰਦਿਆਂ ਹੀ ਇਕ ਪਠਾਨ ਨੇ ਉਸਨੂੰ ਹਮਲਾ ਕਰਕੇ ਕਤਲ ਕਰ ਦਿੱਤਾ। ਜਿਸ ਗਵਰਨਰ ਜਨਰਲ ਦੇ ਅਹਿਤ-ਤਹਿਤ ਸਤਿਗੁਰੂ ਜੀ ਦੇ ਪ੍ਰਸਿੱਧ ਸੂਬੇ ਦੇਸ਼ ਵਿਚੋਂ ਜਲਾਵਤਨ ਕੀਤੇ ਗਏ ਅਤੇ ਜਿਹਨਾਂ ਸਾਰਿਆਂ ਨੂੰ ਉਹ ਫਾਹੇ ਲਾ ਕੇ ਸ਼ਹੀਦ ਕਰਨਾ ਚਾਹੁੰਦਾ ਸੀ ਉਹਦਾ ਖੁਰਾ-ਖੋਜ ਵੀ ਇਸੇ ਕਾਲੇਪਾਣੀ ਦੀ ਧਰਤੀ ਤੇ ਸਦਾ ਲਈ ਮਿਟ ਗਿਆ।

# ਮੁਲਤਾਨ ਦਾ ਕਿਲ੍ਹਾ (ਪੰਜਾਬ-ਪਾਕਿਸਤਾਨ)



ਮੁਲਤਾਨ ਦਾ ਕਿਲਾ

ਮੁਲਤਾਨ ਪੁਰਾਤਨ ਸਮੇਂ ਤੋਂ ਪੰਜਾਬ ਰਾਜ ਦਾ ਇਕ ਸੂਬਾ ਹੁੰਦਾ ਸੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਾਵਣ ਮੱਲ ਮੁਲਤਾਨ ਦਾ ਦੀਵਾਨ ਸੀ ਉਸ ਦੇ ਚਲਾਣੇ ਬਾਅਦ ਉਹਦਾ ਪੁੱਤਰ ਮੂਲ ਰਾਜ ਦੀਵਾਨ ਬਣਿਆ ਅਤੇ ਸਿੱਖ ਰਾਜ ਦੇ ਆਖਰੀ ਸਮਿਆਂ ਵਿਚ ਉਸ ਨੇ ੧੮੪੮-੪੯ਈ: ਤੱਕ ਨੌਂ ਮਹੀਨੇ ਮੁਲਤਾਨ ਦੇ ਕਿਲ੍ਹੇ ਵਿਚ ਡਟ ਕੇ ਅੰਗਰੇਜ਼ਾਂ ਵਿਰੁੱਧ ਸਿੱਖ ਰਾਜ ਦੀ ਸਲਾਮਤੀ ਲਈ ਜੰਗ ਲੜੀ ਪਰੰਤੂ ਉਹ ਪਕੜਿਆ ਗਿਆ ਅਤੇ ਅੰਗਰੇਜ਼ਾਂ ਨੇ ਉਸ ਨੂੰ ਹੋਰ ਦੇਸ਼ ਭਗਤਾਂ ਜਿਓਂ ਪੰਜਾਬ ਬਦਰ ਕਰ ਦਿੱਤਾ। ਅੰਗਰੇਜ਼ੀ ਰਾਜ ਵਿਚ ਮੁਲਤਾਨ ਦਾ ਕਿਲ੍ਹਾ ਬਹੁਤ ਸਾਰੇ ਕੂਕੇ ਦੇਸ਼ ਭਗਤਾਂ ਨੂੰ ਕੈਦ ਰੱਖਣ ਲਈ ਵਰਤਿਆ ਗਿਆ। ਇਹਨਾਂ ਵਿਚੋਂ ਪ੍ਰਮੁੱਖ ਸਨ- ਚੱਕ ਰਮਦਾਸ (ਜਿਲ੍ਹਾ ਸਿਆਲਕੋਟ-ਗੁਜਰਾਂਵਾਲਾ, ਪਿੰਡ ਦੋਹਾਂ ਜਿਲ੍ਹਿਆਂ ਦੀ ਹੱਦ ਤੇ ਸੀ) ਦੇ ਸੂਬਾ ਗੁਰਚਰਨ ਸਿੰਘ ਜੋ ਭਾਈ ਪਰਾਣੇ ਦੀ ਔਲਾਦ ਵਿਚੋਂ, ਵਿਰਕ ਜੱਟ ਸਨ। ਭਾਈ ਪਰਾਣਾ ਗੁਰੂ ਨਾਨਕ ਦਾ ਪ੍ਰਸਿੱਧ ਸਿੱਖ ਸੀ, ਸੂਬਾ ਗੁਰਚਰਨ ਸਿੰਘ ਸਿੱਖ ਰਾਜ ਵਿਚ ਘੋੜ ਸਵਾਰ ਸੈਨਿਕ ਸੀ ਜਿਹੜਾ ਸਿੱਖ ਰਾਜ ਦੇ ਖਾਤਮੇਂ ਸਮੇਂ ਆਪਣੇ ਵਡੇਰੇ ਪਰਾਣਾ ਸਾਹਿਬ ਦੀ ਕਾਬੁਲ ਵਿਚ ਧਰਮਸ਼ਾਲਾ ਹੋਣ ਕਾਰਣ, ਉਥੇ ਚਲੇ ਗਏ ਸੀ ਉਸ ਦਾ ਜਨਮ ੧੮੦੭ਈ: ਦਾ ਹੈ ਤੇ ਸੱਤਰ ਵਰ੍ਹਿਆਂ ਦੀ ਉਮਰ ਵਿਚ ਵੀ ੬ ਫੁੱਟ ਕੱਦ ਹੋਣ ਤੇ ਵੀ ਕਾਨੇ ਵਰਗਾ ਸਿੱਧਾ ਸੀ। ਸਰਕਾਰੀ ਰਿਕਾਰਡ ਵਿਚ ਉਸਨੂੰ "ਇਕ ਸਿੱਖ ਦਾ ਸੁੰਦਰ ਅਤੇ ਸ਼ਾਨਦਾਰ ਨਮੂਨਾ" ਲਿਖਿਆ ਹੈ ਸਤਿਗੁਰੂ ਰਾਮ ਸਿੰਘ ਦੁਆਰਾ

ਨਾਮਧਾਰੀ ਬਣਨ ਬਾਅਦ ੧੯੭੨ ਜਨਵਰੀ ਤੋਂ ਮਗਰੋਂ ਉਹ ਕੂਕਿਆਂ ਦੀਆਂ ਰੂਸ ਦੀ ਮੱਦਦ ਨਾਲ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਦੀਆਂ ਸਰਗਰਮੀਆਂ ਦਾ ਮੁੱਖ ਸੂਤਰਧਾਰ ਸੀ। ਉਹ ਰੂਸੀ ਤੁਰਕਸਤਾਨ ਦੇ ਸ਼ਹਿਰ ਕੱਟਾਕਰਘਾਨ ਤੱਕ ਜਾਂਦਾ ਰਿਹਾ। ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਦੇ ਪੱਤਰ ਉਹਨਾਂ ਤੱਕ ਪਹੁੰਚਾ ਕੇ ਰੂਸੀ ਹਾਕਮਾਂ ਦੇ ਪੱਤਰ ਦੋਹਾਂ ਗੁਰੂ ਸਹਿਬਾਨ ਲਈ ਲਿਆਉਂਦਾ ਰਿਹਾ, ਅੰਗਰੇਜ ਦੇ ਜਾਸੂਸ ਉਸ ਦਾ ਪਿੱਛਾ ਕਰਦੇ ਰਹੇ। ਇਹ ਸਾਰਾ ਸਫਰ ਜੋ ਹਜ਼ਾਰਾਂ ਕੋਹ ਬਣਦਾ ਹੈ ਦੁਰਗਮ ਘਾਟੀਆਂ ਅਤੇ ਬਰਫ਼ੀਲੇ ਰਾਹਾਂ ਤੇ ਉਹ ਪੈਦਲ ਹੀ ਆਪਣੇ ਕੌਮੀ ਜਜ਼ਬੇ ਅਧੀਨ ਕਰਦਾ ਰਿਹਾ। ੧੮੧੮ ਦੇ ਐਕਟ ਦੀ ਧਾਰਾ III ਦੇ ਤਹਿਤ ਪੰਜਾਬ ਸਰਕਾਰ ਨੇ ਸੂਬਾ ਗੁਰਚਰਨ ਸਿੰਘ ਨੂੰ ੧੮੮੧ਈ. ਵਿਚ ਸੱਤ ਸਾਲ ਲਈ ਮੁਲਤਾਨ ਦੇ ਕਿਲ੍ਹੇ ਵਿਚ ਨਜ਼ਰਬੰਦ ਰੱਖਿਆ। ਸੂਬਾ ਗੁਰਚਰਨ ਸਿੰਘ ਜਿਹੇ ੮੦ਸਾਲ ਦੇ ਬਿਰਧ ਕੂਕੇ ਤੋਂ ਉਸ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਕਾਰਨ ਤਾਜ-ਬਰਤਾਨੀਆਂ ਥਰ-ਥਰ ਕੰਬਦਾ ਸੀ। ਮੁਲਤਾਨ ਦੇ ਕਿਲੇ ਵਿਚ ਹੀ ਸੁਆਮੀ ਤਖਤ ਸਿੰਘ ਸਤਿਗੁਰੂ ਰਾਮ ਸਿੰਘ ਦੇ ਇਕ ਹੋਰ ਸੁਤੰਤਰਤਾ ਸੈਲਾਨੀ ਨੂੰ ਜੋ ਉਹਨਾਂ ਦੇ ਰੰਗੂਨ ਦਰਸ਼ਨ ਵੀ ਕਰ ਆਇਆ ਸੀ, ਬੰਦੀ ਬਣਾਇਆ ਗਿਆ ਇਥੇ ਹੀ ਵੀਹਵੀਂ ਸਦੀ ਦੇ ਕਾਂਗਰਸ ਅੰਦੋਲਨ ਸਮੇਂ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਜਿਹੇ ਉਧੇ ਕੂਕੇ ਪ੍ਰਚਾਰਕ ਵੀ ਕੈਦ ਰੱਖੇ ਗਏ।

# ਮੌਲਮੀਨ (ਬਰਮਾ-ਮਿਆਂਮਾਰ)



ਤਿੰਨ ਪ੍ਰਮੁੱਖ ਨਾਮਧਾਰੀ ਸੂਬੇ, ਬਾਬਾ ਜਵਾਹਰ ਸਿੰਘ ਲੰਪ (ਫਿਰੋਜ਼ਪੁਰ), ਬਾਬਾ ਬ੍ਰਹਮਾ ਸਿੰਘ ਦਰੀਆਪੁਰ ਕੈਲਾਨਾ (ਮਾਨਸਾ) ਅਤੇ ਬਾਬਾ ਲੱਖਾ ਸਿੰਘ ਮਲੌਦ, ਅਲਾਹਾਬਾਦ ਦੇ ਕਿਲ੍ਹੇ ਵਿਚੋਂ ਕੱਢ ਕੇ ੧੪ ਦਿਸੰਬਰ ੧੮੭੨ ਨੂੰ ਅਲੀਪੁਰ (ਕਲਕੱਤਾ) ਦੀ ਜੇਲ੍ਹ ਵਿਚ ਪਹੁੰਚਾਏ ਗਏ। ੨੨ ਦਿਸੰਬਰ ੧੮੭੨ ਨੂੰ ਪੁਲਿਸ ਕਮਿਸ਼ਨਰ ਉਹਨਾਂ ਨੂੰ ਮੌਲਮੀਨ ਪਹੁਚਾਉਣ ਲਈ ਇਥੋਂ ਲੈ ਗਿਆ, ੩੦ ਦਿਸੰਬਰ ੧੮੭੨ ਨੂੰ ਤਿੰਨਾਂ ਸੂਬਿਆਂ ਨੂੰ ਮੌਲਮੀਨ ਜੇਲ੍ਹ ਵਿਚ ਪੁਚਾ ਦਿੱਤਾ ਗਿਆ। ਕਿਉਂਕਿ ਇਹ ਵੀ ਬ੍ਰਿਟਿਸ਼ ਬਰਮਾ ਦਾ ਇਲਾਕਾ ਸੀ। ਇਸ ਲਈ ਪੰਜਾਬ ਤੋਂ ਸਤਿਗੁਰੂ ਜੀ ਦੇ ਰੰਗੂਨ ਜਾਂ ਮਰਗੋਈ ਦਰਸ਼ਨ ਕਰਨ ਆਉਣ ਵਾਲੇ, ਸਿੰਘਾਂ ਵਿਚੋਂ ਬਹੁਤ ਸਾਰੇ ਤਿਨਾਂ ਬਾਬਿਆਂ ਦੇ ਦਰਸ਼ਨ ਕਰਕੇ, ਸਤਿਗੁਰੂ ਜੀ ਦਾ ਉਹਨਾਂ ਨਾਲ ਪੱਤਰ ਵਿਹਾਰ ਕਰਨ ਦਾ ਮਾਧਿਅਮ ਵੀ ਬਣਦੇ। ਭਾਵੇਂ ਇਸ ਲਈ ਵੱਡਾ ਜੋਖਮ ਉਠਾਇਆ ਜਾਂਦਾ ਸੀ। ਇਹ ਤਿੰਨੇ ਬਾਬੇ ਇਥੇ ਆਉਣ ਤੱਕ ਬਿਹੰਗਮ ਹੀ ਸਨ। ਸਾਰੇ ਕੂਕੇ ਸੂਬਿਆਂ ਨੂੰ ਸਭ ਥਾਂਵਾਂ ਤੇ ਸ਼ਾਹੀ ਕੈਦੀਆਂ ਜਿਉਂ ਰੱਖਿਆ ਜਾਂਦਾ ਸੀ। ਸਤਿਗੁਰੂ ਜੀ ਦੇ ਬਹੁਤ ਸਤਿਕਾਰਤ ਸੂਬਾ ਜਵਾਹਰ ਸਿੰਘ ਮੌਲਮੀਨ ਦੀ ਕਵਿਨਕਤਾਨ ਜੇਲ੍ਹ ਵਿਖੇ ਬੁਢਾਪੇ ਅਤੇ ਕਮਜ਼ੋਰੀ ਕਾਰਨ ੨੯ਨਵੰਬਰ ੧੮੮੨ਈ ਨੂੰ ਗੁਰ ਚਰਨਾਂ ਵਿਚ ਜਾ ਬਿਰਾਜੇ। ੧੮ਮਾਰਚ ੧੮੮੭ ਈ ਨੂੰ, ੧੮੫੭ ਈ: ਦੇ ਜਨ ਵਿਦਰੋਹ ਵਿਚ ਭਾਗ ਲੈ ਚੁੱਕੇ, ਸੂਬਾ ਬ੍ਰਹਮਾ ਸਿੰਘ ਨੂੰ ਵੀ ਰਿਹਾ ਕਰਕੇ ਪੰਜਾਬ ਭੇਜ ਦਿੱਤਾ ਗਿਆ, ਕੁਝ ਸ਼ਰਤਾਂ ਦੇ ਅਧੀਨ, ਸੂਬਾ ਲੱਖਾ ਸਿੰਘ

ਜੋ ਸਤਿਗੁਰੂ ਜੀ ਦਾ ਮਿਲਟਰੀ ਸੈਕਟਰੀ ਸੀ। ਉਹਨੂੰ ਕਿਸੇ ਕੀਮਤ ਤੇ ਸਰਕਾਰ ਛੱਡਣ ਲਈ ਰਜ਼ਾਮੰਦ ਨਾ ਹੋਈ। ਉਹਨਾਂ ਦਾ ਅੰਤ ਸਮਾਂ ਮੌਲਮੀਨ ਵਿਖੇ ਹੀ ੫ ਫਰਵਰੀ ੧੯੦੩ ਈ: ਨੂੰ ਆਇਆ।

ਸੂਬਾ ਜਵਾਹਰ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਨਿਰਦੇਸ਼ਨ ਹੇਠ, ਉਸਾਰੀ ਗਈ ਕੂਕਿਆਂ ਦੀ ਸੂਬਾ ਪੰਚਾਇਤ ਦੇ ਮੁਖੀ ਸਨ। ਸਤਿਗੁਰੂ ਜੀ ਨੇ ਬਾਦਸ਼ਾਹ ਅਕਬਰ ਜਿਉਂ ਪੰਜਾਬ ਅਤੇ ਆਸ-ਪਾਸ ਦੇ ਖਿੱਤਿਆਂ ਵਿਚ ਆਪਣੇ ਅਧਿਕਾਰ ਖੇਤਰ ਨੂੰ ਬਾਈ ਭਾਗਾਂ ਵਿਚ ਵੰਡ ਕੇ, ਹਰ ਭਾਗ ਲਈ ਇਕ ਸੂਬਾ ਨਿਯੁਕਤ ਕੀਤਾ ਜਿਸ ਦੀ ਬੋਲ-ਬਾਣੀ ਸਤਿਗੁਰੂ ਜੀ ਵਾਂਗ ਹੀ ਪ੍ਰਭਾਵਸ਼ਾਲੀ ਸੀ। ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ:-

ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹ ਨਿਆਈ,
ਤਿਨ ਕੀ ਜ਼ੁਬਾਨ ਮੇਂ ਤਾਸੀਰ ਥਾਈ ਵੈਸਹੀ ।

ਸੂਬਾ ਜਵਾਹਰ ਸਿੰਘ ਦਾ ਜਨਮ ਪਿੰਡ ਸੋਹਲ (ਜ਼ਿਲ੍ਹਾ ਅੰਮ੍ਰਿਤਸਰ) ਸੀ। ਇਥੋਂ ਆਪ ਬਾਅਦ ਵਿਚ ਲ਼ੋਪੋਂ ਚਲੇ ਗਏ ਅਤੇ ਗ੍ਰਿਫਤਾਰੀ ਸਮੇਂ ਬਿਲਾਸਪੁਰ (ਫਿਰੋਜ਼ਪੁਰ) ਵਿਖੇ ਨਿਵਾਸ ਰੱਖਦੇ ਸਨ। ਜਿਸ ਕਿਸੇ ਨੂੰ ਸਤਿਗੁਰੂ ਜੀ ਵੱਡੇ ਗੁਨਾਹ ਕਾਰਨ ਨਰਾਜ਼ ਹੋ ਜਾਂਦੇ ਜਾਂ ਤਨਖਾਹੀਆ ਕਰ ਦਿੰਦੇ ਸਨ, ਜਦੋਂ ਉਸ ਅਭਾਗੇ ਵਿਅਕਤੀ ਲਈ ਬਾਬਾ ਜੀ ਆਪਣਾ ਦਾਹੜਾ, ਦੋਹਾਂ ਹੱਥਾਂ ਵਿਚ ਪਕੜ ਕੇ ਖੜੇ ਹੋ ਜਾਂਦੇ ਅਤੇ ਦਇਆ ਕਰਨ ਲਈ ਬੇਨਤੀ ਕਰਦੇ ਤਾਂ ਸਤਿਗੁਰੂ ਜੀ ਸਬੰਧਿਤ ਵਿਅਕਤੀ ਨੂੰ ਬਖ਼ਸ਼ ਕੇ ਕਿਹਾ ਕਰਦੇ ਸਨ- "ਬਾਬਾ ਪੱਟੇ ਤੇਰੀ ਦਇਆ ਨੇ"। ਪੁਰਾਣੇ ਸਿੰਘਾਂ ਤੋਂ ਇਹ ਵੀ ਸੁਣਿਆ ਹੈ ਕਿ ਸੂਬਾ ਜਵਾਹਰ ਸਿੰਘ ਜੀ ਜੇ ਕਿਤੇ ਦੀਵਾਨ ਲੱਗੇ ਵਿਚ ਸਤਿਗੁਰੂ ਜੀ ਤੋਂ ਬਾਅਦ ਆਉਂਦੇ ਤਾਂ ਹਜ਼ੂਰ ਆਪ ਦੇ ਸਤਿਕਾਰ ਵਿਚ ਖੜ੍ਹੇ ਹੋ ਜਾਇਆ ਕਰਦੇ ਸਨ। ਕੂਕੇ ਬਣਨ ਤੋਂ ਪਹਿਲਾਂ ਸੂਬਾ ਜੀ ਨਿਰਮਲੇ ਭੇਖ ਵਿਚ ਰਹਿ ਕੇ ਵੇਦਾਂਤ ਪੜ੍ਹੇ ਹੋਏ ਸਨ। ਸੂਬਾ ਬ੍ਰਹਮਾ ਸਿੰਘ ਜੀ ਨੇ ਭਜਨ ਸਤਿਗੁਰੂ ਬਾਲਕ ਸਿੰਘ ਜੀ ਤੋਂ ਲਿਆ ਹੋਇਆ ਸੀ। ਸੂਬਾ ਸਾਹਿਬ ਸਿੰਘ, ਲੱਖਾ ਸਿੰਘ ਅਤੇ ਮਲੂਕ ਸਿੰਘ ਜਿਉਂ ਉਹ ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ, ਉਦਾਸੀ ਸਾਧੂ ਸੀ। ਬ੍ਰਹਮਾ ਸਿੰਘ ਕੇਂਦਰੀ ਅਤੇ ਪੱਛਮੀ ਪੰਜਾਬ ਦੇ ਜ਼ਿਲ੍ਹਿਆਂ ਅੰਮ੍ਰਿਤਸਰ, ਲਾਹੌਰ, ਸਿਆਲਕੋਟ, ਗੁਜਰਾਂਵਾਲਾ ਵਿਚ ਕੂਕਾ ਮੱਤ ਦੇ ਪਰਚਾਰ ਪਰਸਾਰ ਲਈ ਮੁੱਖ ਜ਼ਿੰਮੇਵਾਰ ਸੀ। ਕੂਕਾ ਰੈਜੀਮੈਂਟ ਕਸ਼ਮੀਰ ਦੀ ਸਥਾਪਨਾ ਵਿਚ ਵੀ ਉਸਦਾ ਯੋਗਦਾਨ ਸੀ, ਜਨ ਵਿਦਰੋਹ ੧੮੫੭ ਈ: ਵਿਚ ਭਾਗ ਲੈਣ ਵਾਲੇ ਸੈਨਿਕਾਂ ਵਿਚੋਂ ਉਹ ਵੀ ਇਕ ਸੀ। ਅੰਮ੍ਰਿਤਸਰ ਬੁੱਚੜ-ਬੱਧ ਦੇ ਸਾਕੇ ਦਾ ਜ਼ਿਕਰ, ਉਹ ਨਾਮਧਾਰੀ ਸੰਗਤਾਂ ਦੇ ਇਕੱਠ ਵਿਚ ਹੁਲਾਸਮਈ ਅੰਦਾਜ਼ ਵਿਚ ਕਰਿਆ ਕਰਦਾ ਸੀ ਇਸ ਲਈ ਸਰਕਾਰ ਦੀਆਂ ਨਜ਼ਰਾਂ ਵਿਚ ਉਹ ਇਕ ਖਤਰਨਾਕ ਕੂਕਾ ਸੀ ਅਤੇ ਸਾਹਿਬ ਸਿੰਘ, ਕਾਹਨ ਸਿੰਘ, ਲੱਖਾ ਸਿੰਘ ਅਤੇ ਜਵਾਹਰ ਸਿੰਘ ਸੂਬਿਆਂ ਜਿਉਂ ਉਹਨੂੰ ਤਾ-ਉਮਰ ਨਜ਼ਰਬੰਦੀ ਵਿਚ ਨਾ ਰੱਖਿਆ ਜਾਵੇ ਸਗੋਂ ਪਹਾੜਾ ਸਿੰਘ ਜਿਉਂ ਦਸ ਵਰ੍ਹੇ ਕੈਦ ਵਿਚ ਰੱਖਿਆ ਜਾਵੇ। ਮਾਨ ਸਿੰਘ ਹੋਰਾਂ ਨੂੰ ੩ ਸਾਲ, ਰੂੜ ਸਿੰਘ ਅਤੇ ਮਲੂਕ ਹੋਰਾਂ ਨੂੰ ੨-੨ ਸਾਲ ਅਤੇ ਹੁਕਮਾ ਸਿੰਘ

ਨੂੰ ਸਿਰਫ ੧ ਸਾਲ ਕੈਦ ਰੱਖਣ ਦੀ ਅਤੇ ਜਾਂਚ ਪੜਤਾਲ ਕਰਨ ਦੀ ਮੈਕਨੋਬ ਨੇ ਤਜ਼ਵੀਜ਼ ਦਿੱਤੀ ਸੀ। ਪਰ ਕਿਸੇ ਵੀ ਕੂਕੇ ਸੂਬੇ ਨੂੰ ਸਰਕਾਰ ਨੇ ੧੫ ਸਾਲ ਤੋਂ ਪਹਿਲਾਂ ਰਿਹਾ ਨਹੀ ਕੀਤਾ। ਪੰਜ ਸੂਬੇ ਸ਼ਰਤਾਂ ਅਧੀਨ ਰਿਹਾ ਹੋਏ ਅਤੇ ਪੰਜ ਉਧਰ ਹੀ ਜਾਮੇ ਸ਼ਹਾਦਤ ਨੋਸ਼ ਕਰ ਗਏ। ਪੁਲਿਸ ਸੈਨਾ ਦੀ ਨੌਕਰੀ ਕਰ ਚੁੱਕਾ ਸੂਬਾ ਲੱਖਾ ਸਿੰਘ ਵੀ ਬੜਾ ਤਿਆਰ ਬਰ ਤਿਆਰ ਸਿੰਘ ਸੀ ਅਤੇ ਮਾਰਾ ਬਕਾਰਾ ਕਰਨ ਲਈ ਵੀ ਅੱਠੇ ਪਹਿਰ ਧਰਮ ਯੁੱਧ ਦੇ ਚਾਉ ਵਿਚ ਮਖ਼ਮੂਰ ਰਹਿੰਦਾ ਸੀ। ਸਤਿਗੁਰੂ ਜੀ ਦੇ ਦੌਰਿਆਂ ਸਮੇਂ ਰਸਤੇ ਵਿਚ ਇਹਨੂੰ ਕੋਈ ਹੁੱਕਾ ਪੀਂਦਾ ਦਿਸਿਆ ਨਹੀਂ ਤੇ ਇਹਨੇ ਸੋਧਿਆ ਨਹੀਂ। ਅੰਗਰੇਜ਼ ਸਰਕਾਰ ਨੇ ਸੂਬਾ ਲੱਖਾ ਸਿੰਘ ਹੋਰਾਂ ਤੇ ਇਹ ਦੋਸ਼ ਵੀ ਲਾਇਆ ਕਿ ਭਾਈ ਹੀਰਾ ਸਿੰਘ ਹੋਰਾਂ ਦੇ ਜਥੇ ਨੂੰ ਉਹਨਾਂ ਨੇ ਸ੍ਰੀ ਭੈਣੀ ਸਾਹਿਬ ਵਿਚੋਂ ਉਤਸ਼ਾਹ ਵਰਧਕ ਬਚਨਾਂ ਨਾਲ ਤੋਰਿਆ ਸੀ ਕਿ ਚਲੋ ਅਸੀਂ ਵੀ ਤੁਹਾਨੂੰ ਆ ਕੇ ਮਿਲਾਂਗੇ ਅਤੇ ਮਲੌਦ ਦਾ ਸਰਦਾਰ ਬਦਨ ਸਿੰਘ ਵੀ ਡੀ. ਸੀ. ਕਾਵਨ ਸਾਹਮਣੇ ਆਪਣੇ ਬਿਆਨਾਂ ਵਿਚ ਕਹਿੰਦਾ ਹੈ ਕਿ ਜਦੋਂ ਕੂਕਿਆਂ ਨੇ ਮੇਰੇ ਕਿਲ੍ਹੇ ਤੇ ਹਮਲਾ ਬੋਲਿਆ, ਮੈਂ ਮਤਾਬੀ ਜਗਾਈ, ਪੌੜੀਆ ਵਿਚ (ਸੂਬਾ) ਲੱਖਾ ਸਿੰਘ ਖਲੋਤਾ ਸੀ। ਸੂਬਾ ਜੀ ਨੂੰ ਬਹੁਤ ਖਤਰਨਾਕ ਰਾਜਨੀਤਕ ਕੈਦੀ ਸਮਝਦਿਆਂ ਹੋਇਆਂ, ਮਲਕਾ ਵਿਕਟੋਰੀਆ ਦੀ ਜੁਬਲੀ ਸਮੇਂ ਜਦੋਂ ਹੋਰ ਪੰਜ ਸੂਬਾ ਸਾਹਿਬਾਨ ਪੰਜਾਬ ਭੇਜ ਦਿੱਤੇ ਗਏ, ਲੱਖਾ ਸਿੰਘ ਹੋਰਾਂ ਦੇ ਮੁਆਮਲੇ ਵਿਚ ਸਰਕਾਰ ਅੜ ਗਈ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿੱਥੇ ਇਤਿਹਾਸਿਕ ਪਾਤਰਾਂ ਨੂੰ ਸੰਭਾਲਣ ਲਈ ਖੋਜ ਭਰਪੂਰ ਸਾਹਿਤ ਛਪਵਾਇਆ, ਸ਼ਹੀਦੀ ਯਾਦਗਾਰਾਂ ਦੀ ਉਸਾਰੀ ਕਰਵਾਈ, ਉੱਥੇ ਮਿਨਿਏਚਰ ਪਾਰਕ ਦੀ ਰਚਨਾ ਵੀ, ਪਰਤਾਪ ਮੰਦਰ ਤੇ ਸਰੋਵਰ ਵਾਂਗ ਇਕ ਅਦਭੁੱਤ ਕਾਰਜ ਹੈ ਜੋ ਇਤਿਹਾਸਿਕ ਸਥਾਨਾਂ ਨੂੰ ਲਘੂ ਰੂਪ ਵਿਚ ਸੰਭਾਲਣ ਲਈ ਭਾਰਤ ਵਿਚ ਹੋਇਆ ਪਹਿਲਾ ਇਤਿਹਾਸਿਕ ਕਾਰਜ ਹੈ। ਇਸ ਕਾਰਜ ਦੀ ਸੇਵਾ ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਨਾਲ, ਮਾਤਾ ਚੰਦ ਕੌਰ ਜੀ, ਸੰਤ ਜਗਤਾਰ ਸਿੰਘ, ਸ੍ਰੀ ਉਦੈ ਸਿੰਘ, ਸ੍ਰ. ਗੁਰਦੇਵ ਸਿੰਘ ਰੂਪ ਰਾਇ, ਸ੍ਰੀ ਪਰਸ਼ਾਂਤ ਭੱਟ ਅਤੇ ਡਾ. ਅਜੈਪਾਲ ਸਿੰਘ ਗਿੱਲ ਨੇ ਤਨਦੇਹੀ ਨਾਲ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਦੇ ਜਨਵਾਦੀ, ਅਫਿਰਕੂ, ਸਮਤਾਮੂਲਕ ਭਾਈਚਾਰੇ ਦੀ ਸਥਾਪਨਾ ਦੇ ਨਿਸ਼ਾਨਿਆਂ ਬਾਰੇ, ਸਤਿਗੁਰੂ ਜਗਜੀਤ ਸਿੰਘ ਜੀ, ਫੁਰਮਾਉਂਦੇ ਹਨ ਕਿ ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਜੀ ਭਕਨਾ ਕਿਹਾ ਕਰਦੇ ਸਨ ਕਿ ਸਾਡੀ ਵਰਤਮਾਨ ਆਜ਼ਾਦੀ ਅਧੂਰੀ ਹੈ। ਆਜ਼ਾਦੀ ਸੀ ਜੋ ਸਤਿਗੁਰੂ ਰਾਮ ਸਿੰਘ ਜੀ ਕਾਇਮ ਕਰਦੇ ਸਨ ਜਿਨ੍ਹਾਂ ਨੇ ਸੱਚੇ-ਸੁੱਚੇ ਬਣਾ ਦਿੱਤਾ ਸੀ -ਝੂਠ-ਫਰੇਬ ਕੱਢ ਦਿੱਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸਾਏ ਮਾਰਗ ਤੇ ਚੱਲਕੇ ਹੀ ਸਾਡੀ ਆਜ਼ਾਦੀ ਸਦੀਵੀ ਕਾਇਮ ਹੋ ਸਕਦੀ ਹੈ।

-ਸੁਵਰਨ ਸਿੰਘ ਵਿਰਕ,
ਸ੍ਰੀ ਭੈਣੀ ਸਾਹਿਬ,
ਅੱਸੂ ਦਾ ਮੇਲਾ ੨੦੬੮ਬਿ:

# ਕੂਕਾ ਅੰਦੋਲਨ ਦੀ ਅਮਰ-ਗਾਥਾ

12 ਅਪ੍ਰੈਲ 1857 ਨੂੰ ਨਾਮਧਾਰੀ ਸੰਤ ਖਾਲਸੇ ਦੀ ਸਥਾਪਨਾ ਜਿੱਥੇ ਸਿੱਖ ਪੁਨਰ ਜਾਗਰਣ ਅਤੇ ਕੌਮੀ ਮੁਕਤੀ ਅੰਦੋਲਨ ਦਾ ਪੰਜਾਬ ਵਿੱਚ ਮੁੱਢ ਬੰਨਣਾ ਸੀ। ਸਮਾਜਿਕ ਕੁਰੀਤੀਆਂ ਵਿਰੁੱਧ ਵੀ ਹੱਲਾ ਬੋਲਿਆ। ਨਾਰੀ ਮੁਕਤੀ ਅਤੇ ਕਰਜਾ ਮੁਕਤੀ ਸਮਾਜ ਤੇ ਵੱਡੇ ਉਪਕਾਰ ਸਨ। ਨਸ਼ਾ ਮੁਕਤੀ ਨਾਲ ਸਵੱਸ਼ ਸਮਾਜ ਉਸਾਰੀ ਆਰੰਭੀ। ਸੂਬਾ ਪ੍ਰਣਾਲੀ ਸ਼ੁਰੂ ਕਰਕੇ, ਸਵਦੇਸ਼ੀ ਅਤੇ ਅਸਹਿਯੋਗ ਦੇ ਪ੍ਰਚਾਰ ਦੁਆਰਾ ਭਾਰਤ ਦੀਆਂ ਦੇਸੀ ਅਤੇ ਗੁਆਂਢੀ ਰਿਆਸਤਾਂ ਨਾਲ ਸਬੰਧ ਕਾਇਮ ਕਰਕੇ, ਬਸਤੀਵਾਦੀ ਸਰਕਾਰ ਵਿਰੁੱਧ ਸਮਾਨੰਤਰ ਸਰਕਾਰ ਦਾ ਗਠਨ ਕੀਤਾ। ਅਨੰਦ ਮਰਿਯਾਦਾ ਅਤੇ ਸਮਾਜ ਸੁਧਾਰ ਦੇ ਕੰਮਾ ਅਤੇ ਸਿੱਖੀ ਪ੍ਰਚਾਰ ਸਰਗਰਮੀਆਂ ਵਿੱਚੋਂ ਸਰਕਾਰ ਨੂੰ ਬਗਾਵਤ ਦੀ ਬੂ ਆਉਣੀ ਸ਼ੁਰੂ ਹੋ ਗਈ। ਹਿੰਦੂ, ਸਿੱਖਾਂ ਅਤੇ ਮੁਸਲਮਾਨਾ ਵਿੱਚ ਫਿਰਕੂ ਪਾੜਾ ਵਧਾਉਣ ਲਈ ਅੰਗਰੇਜ਼ ਸਰਕਾਰ ਦੁਆਰਾ ਸਿੱਖ ਧਾਰਮਿਕ ਤੀਰਥਾਂ ਤੇ ਖੁਲਵਾਏ ਗਊ ਬੱਧ ਦੇ ਅੱਡਿਆਂ ਤੇ ਕੂਕੇ ਸਿੱਖਾਂ ਨੇ ਹਥਿਆਰਬੰਦ ਹਮਲੇ ਕਰਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਰਾਮ ਸਿੰਘ ਜੀ ਪ੍ਰਮੁੱਖ ਸੂਬਿਆਂ ਸਮੇਤ ਪੰਜਾਬ ਤੋਂ ਬਾਹਰ ਜਲਾਵਤਨ ਕਰ ਦਿੱਤੇ। ਸਾਰਾ ਨਾਮਧਾਰੀ ਪੰਥ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ। ਪਰ ਕੂਕੇ ਸਿੱਖਾਂ ਨੇ ਸਭ ਸਖਤੀਆਂ ਦਾ ਖਿੜੇ ਮੱਥੇ ਮੁਕਾਬਲਾ ਕਰਕੇ ਆਉਣ ਵਾਲੇ ਵਕਤ ਵਿੱਚ ਅੰਗਰੇਜ਼ ਸਰਕਾਰ ਵਿਰੋਧੀ ਉੱਠਣ ਵਾਲੀਆਂ ਲਹਿਰਾਂ ਲਈ ਰਾਹ ਪੱਧਰਾ ਕੀਤਾ।





ਗੁਰਦੁਆਰਾ ਰਾਮਦਾਸਪੁਰਾ (ਸ੍ਰੀ ਭੈਣੀ ਸਾਹਿਬ)



ਰੰਗੂਨ ਬੰਗਲਾ (ਬਰਮਾ)

**ਵਿਸ਼ਵ ਨਾਮਧਾਰੀ ਸੰਗਤ (ਰਜਿ:) ਸ੍ਰੀ ਭੈਣੀ ਸਾਹਿਬ**